Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 314, 01 ਅਗਸਤ ਤੋਂ 07 ਅਗਸਤ 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਰੂਸੀ ਸ਼ਹਿਰ ਵਿੱਚ ਤੇਜ਼ ਭੂਚਾਲ ਮਗਰੋਂ ਸੁਨਾਮੀ ਦੀਆਂ ਲਹਿਰਾਂ ਉੱਠੀਆਂ, ਜਪਾਨ ’ਚ 20 ਲੱਖ ਲੋਕ ਸੁਰੱਖਿਅਤ ਥਾਂਵਾਂ ’ਤੇ ਭੇਜੇ, ਤਾਜ਼ਾ ਹਾਲਾਤ ਕੀ ਹਨ



ਰੂਸ ਦੇ ਪੂਰਬੀ ਹਿੱਸੇ ਵਿੱਚ ਕੈਮਚੈਟਕਾ ਵਿੱਚ ਰਿਕਟਰ ਸਕੇਲ ਉੱਤੇ 8.8 ਤੀਬਰਤਾ ਵਾਲਾ ਭੂਚਾਲ ਆਇਆ ਜਿਸ ਕਰਕੇ ਰੂਸ ਤੇ ਜਪਾਨ ਵਿੱਚ ਸੁਨਾਮੀ ਦੀਆਂ ਲਹਿਰਾਂ ਉੱਠੀਆਂ ਹਨ। ਅਮਰੀਕਾ ਵਿੱਚ ਵੀ ਸੁਨਾਮੀ ਲਈ ਚੇਤਾਵਨੀ ਜਾਰੀ ਕੀਤੀ ਜਾ ਰਹੀ ਹੈ। ਰੂਸ ਦੇ ਕੈਮਚੈਟਕਾ ਵਿੱਚ 10 ਤੋਂ 13 ਫ਼ੁੱਟ ਦੀਆਂ ਸਮੁੰਦਰੀ ਲਹਿਰਾਂ ਉੱਠਦੀਆਂ ਵੇਖੀਆਂ ਗਈਆਂ ਹਨ। ਉੱਤਰੀ ਜਪਾਨ ਦੇ ਹੋਕਾਇਡੋ ਸ਼ਹਿਰ ਵਿੱਚ ਵੀ ਸੁਨਾਮੀ ਦੀ ਪਹਿਲੀ ਲਹਿਰ ਵੇਖੀ ਗਈ ਹੈ। ਰੂਸ ਦੇ ਐਮਰਜੈਂਸੀ ਮੰਤਰਾਲੇ ਮੁਤਾਬਕ ਸੁਨਾਮੀ ਦੀਆਂ ਲਹਿਰਾਂ ਨਾਲ ਰੂਸੀ ਬੰਦਰਗਾਹੀ ਸ਼ਹਿਰ ਸੇਵੇਰੋ-ਕੁਰਿਲਸਕ ਦੇ ਇੱਕ ਹਿੱਸੇ ਵਿੱਚ ਹੜ੍ਹ ਆ ਗਏ ਹਨ। ਇਸ ਸ਼ਹਿਰ ਦੀ ਆਬਾਦੀ ਤਕਰੀਬਨ 2,000 ਹੈ। ਸੋਸ਼ਲ ਮੀਡੀਆ ’ਤੇ ਮੌਜੂਦ ਕਈ ਵੀਡੀਓਜ਼ ਸ਼ਹਿਰ ਦੇ ਨੇੜੇ ਪਾਣੀ ਦੇ ਪੱਧਰ ਨੂੰ ਵਧਦੇ ਹੋਏ ਦਿਖਿਆ ਗਿਆ ਹੈ।

**ਸੁਨਾਮੀ ਦੀਆਂ ਲਹਿਰਾਂ ਜਪਾਨ ਤੱਕ ਪਹੁੰਚੀਆਂ**

ਜਪਾਨ ਦੇ ਸਥਾਨਕ ਪ੍ਰਸਾਰਕ ਐੱਨਐੱਚਕੇ ਦੀ ਰਿਪੋਰਟ ਮੁਤਾਬਕ ਸੁਨਾਮੀ ਲਹਿਰਾਂ ਹੋਕਾਈਡੋ ਸੂਬੇ ਦੇ ਉੱਤਰੀ ਖੇਤਰ ਤੱਕ ਪਹੁੰਚ ਗਈਆਂ ਹਨ। ਅੰਦਾਜ਼ਾ ਲਗਾਇਆ ਗਿਆ ਹੈ ਕਿ ਲਹਿਰਾਂ ਦੀ ਉਚਾਈ ਲਗਭਗ 12 ਇੰਚ ਤੱਕ ਹੋ ਸਕਦੀ ਹੈ। ਸੁਨਾਮੀ ਹੋਕਾਈਡੋ ਦੇ ਉੱਤਰ-ਪੂਰਬੀ ਹਿੱਸੇ ਵਿੱਚ ਸਥਿਤ ਬੰਦਰਗਾਹ ਸ਼ਹਿਰ ਨੇਮੁਰੋ ਤੱਕ ਪਹੁੰਚਿਆ। ਜਪਾਨੀ ਅਧਿਕਾਰੀਆਂ ਨੇ ਪਹਿਲਾਂ ਹੀ ਚੇਤਾਵਨੀ ਜਾਰੀ ਕੀਤੀ ਸੀ ਕਿ ਸੁਨਾਮੀ ਦੀਆਂ ਲਹਿਰਾਂ ਬਹੁਤ ਉੱਚੀਆਂ ਹੋ ਸਕਦੀਆਂ ਹਨ। ਜਪਾਨ ਦੇ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨੇ ਕਿਹਾ, ÷ਅਧਿਕਾਰੀ ਸਥਿਤੀ ਦਾ ਮੁਲਾਂਕਣ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਸੇ ਵੀ ਰਾਹਤ ਕਾਰਜ ਵਿੱਚ ਇਨਸਾਨੀ ਜਾਨ ਬਚਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਹੁਣ ਤੱਕ ਕਿਸੇ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ ਹੈ। ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਨੇ ਨਾਗਰਿਕਾਂ ਨੂੰ ਤੱਟ ਤੋਂ ਦੂਰ ਰਹਿਣ ਅਤੇ ਉੱਚੀਆਂ ਥਾਵਾਂ ’ਤੇ ਜਾਣ ਦੀ ਅਪੀਲ ਕੀਤੀ ਹੈ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਯੂਐੱਸਜੀਐੱਸ ਨੇ ਭੂਚਾਲ ਦੀ ਤੀਬਰਤਾ 8.8 ਦੱਸੀ ਹੈ। ਪਹਿਲਾਂ ਇਸਦੀ ਤੀਬਰਤਾ 8.0 ਅਤੇ ਫਿਰ 8.7 ਦੱਸੀ ਗਈ ਸੀ, ਜਿਸ ਨੂੰ ਬਾਅਦ ਵਿੱਚ ਸੋਧਿਆ ਗਿਆ।

**ਰੂਸ ਵਿੱਚ ਆਇਆ ਭੂਚਾਲ ਇਤਿਹਾਸ ਵਿੱਚ ਛੇਵਾਂ ਸਭ ਤੋਂ ਭਿਆਨਕ ਭੂਚਾਲ ਹੈ**

ਕੁਝ ਸਮਾਂ ਪਹਿਲਾਂ ਬੀਬੀਸੀ ਦੇ ਨਿਊਜ਼ਡੇਅ ਪ੍ਰੋਗਰਾਮ ਵਿੱਚ ਗੱਲ ਕਰਦੇ ਹੋਏ, ਹਵਾਈ ਯੂਨੀਵਰਸਿਟੀ ਦੇ ਭੂ-ਭੌਤਿਕ ਵਿਗਿਆਨ ਅਤੇ ਟੈਕਟੋਨਿਕ ਵਿਭਾਗ ਦੇ ਸਹਾਇਕ ਪ੍ਰੋਫੈਸਰ ਹੈਲਨ ਜੈਨਿਸਜ਼ੇਵਸਕੀ ਨੇ ਕਿਹਾ ਕਿ ਅੱਜ ਦਾ ਭੂਚਾਲ ਇਤਿਹਾਸ ਵਿੱਚ ਰਿਕਾਰਡ ਕੀਤੇ ਗਏ ਦਸ ਸਭ ਤੋਂ ਗੰਭੀਰ ਭੂਚਾਲਾਂ ਵਿੱਚੋਂ ਇੱਕ ਹੈ। ਅਮਰੀਕੀ ਭੂ-ਵਿਗਿਆਨਕ ਸਰਵੇਖਣ ਮੁਤਾਬਕ ਇਸ ਦੀ ਬਾਹਰੀ ਤੀਬਰਤਾ 8.8 ਹੈ ਜੋ ਇਤਿਹਾਸ ਦੇ ਛੇਵੇਂ ਸਭ ਤੋਂ ਭਿਆਨਕ ਭੂਚਾਲ ਦੇ ਬਰਾਬਰ ਹੈ, 2010 ਵਿੱਚ ਚਿਲੀ ਦੇ ਬਾਇਓਬੀਓ ਵਿੱਚ ਆਏ ਭੂਚਾਲ ਅਤੇ 1906 ਵਿੱਚ ਐਸਮੇਰਾਲਡਸ, ਇਕਵਾਡੋਰ ਵਿੱਚ ਆਏ ਭੂਚਾਲ ਵੀ ਇੰਨੀ ਹੀ ਤੀਬਰਤਾ ਦੇ ਸਨ। ਚਿਲੀ ਦੇ ਭੂਚਾਲ ਬਾਰੇ ਯੂਐੱਸਜੀਐੱਸ ਮੁਤਾਬਕ, ਕੁਇਰੀਹਯੂ ਸ਼ਹਿਰ ਦੇ ਨੇੜੇ ਸਮੁੰਦਰੀ ਕੰਢੇ ’ਤੇ ਆਏ ਇਸ ਤੀਬਰ ਭੂਚਾਲ ਵਿੱਚ 523 ਲੋਕ ਮਾਰੇ ਗਏ ਅਤੇ 370,000 ਤੋਂ ਵੱਧ ਘਰ ਤਬਾਹ ਹੋ ਗਏ। ਇਕਵਾਡੋਰ ਭੂਚਾਲ ਬਾਰੇ ਯੂਐੱਸਜੀਐੱਸ ਦੇ ਅੰਕੜੇ ਦਰਸਾਉਂਦੇ ਹਨ ਕਿ ਇਕਵਾਡੋਰ-ਕੋਲੰਬੀਆ ਭੂਚਾਲ ਵਜੋਂ ਜਾਣਿਆ ਜਾਂਦਾ ਹੈ, ਇਸ ਭੂਚਾਲ ਨੇ ਇੱਕ ਤੇਜ਼ ਸੁਨਾਮੀ ਪੈਦਾ ਕੀਤੀ ਸੀ ਜਿਸ ਵਿੱਚ 1,500 ਲੋਕ ਮਾਰੇ ਗਏ ਸਨ ਅਤੇ ਉੱਤਰ ਵਿੱਚ ਸੈਨ ਫਰਾਂਸਿਸਕੋ ਤੱਕ ਪਹੁੰਚ ਗਏ ਸਨ। ਦਿਲਚਸਪ ਗੱਲ ਇਹ ਹੈ ਕਿ ਪੰਜਵਾਂ ਸਭ ਤੋਂ ਭਿਆਨਕ ਭੂਚਾਲ ਅੱਜ ਵਾਂਗ ਰੂਸ ਦੇ ਕਾਮਚਟਕਾ ਕ੍ਰਾਈ ਵਿੱਚ ਆਇਆ ਸੀ। ਇਹ 1952 ਵਿੱਚ ਆਇਆ ਅਤੇ ਦੁਨੀਆ ਦਾ ਪਹਿਲਾ ਰਿਕਾਰਡ ਕੀਤਾ ਗਿਆ 9 ਤੀਬਰਤਾ ਵਾਲਾ ਭੂਚਾਲ ਸੀ। ਇਸਨੇ ਹਵਾਈ ਵਿੱਚ ਇੱਕ ਵੱਡੀ ਸੁਨਾਮੀ ਲਿਆਂਦੀ, ਜਿਸ ਨਾਲ 10 ਲੱਖ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਸੀ



## ਰੂਸੀ ਸ਼ਹਿਰ ’ਚ ਐਮਰਜੈਂਸੀ ਐਲਾਨੀ, ਜਪਾਨ ’ਚ 20 ਲੱਖ ਲੋਕ ਕੱਢੇ

ਰੂਸ ਨੇ ਸਾਖਲਿਨ ਖੇਤਰ ਵਿੱਚ ਕੁਰਿਲ ਟਾਪੂਆਂ ਉੱਤੇ ਐਮਰਜੈਂਸੀ ਐਲਾਨ ਦਿੱਤੀ ਗਈ ਹੈ। ਇਹ ਉਹੀ ਇਲਾਕਾ ਹੈ ਜਿੱਥੇ ਇੱਕ ਪੂਰੇ ਸ਼ਹਿਰ ਵਿੱਚ ਤੇਜ਼ ਤੇ ਉੱਚੀਆ ਲਹਿਰਾਂ ਕਾਰਨ ਹੜ੍ਹ ਆ ਗਏ ਹਨ। ਸ਼ਹਿਰ ਦੇ ਮੇਅਰ ਓਵਿਸਯਾਨਿਕੋਵ ਨੇ ਕਿਹਾ ਹੈ ਕਿ ਇਲਾਕੇ ਵਿੱਚੋਂ ਸਾਰਿਆਂ ਲੋਕਾਂ ਨੂੰ ਕੱਢ ਲਿਆ ਗਿਆ ਹੈ। ਟਾਸ ਨਿਊਜ਼ ਏਜੰਸੀ ਮੁਤਾਬਕ ਕੈਮਚੈਟਕਾ ਵਿੱਚ ਕਈ ਲੋਕ ਭੂਚਾਲ ਤੇ ਉਸ ਤੋਂ ਬਾਅਦ ਝਟਕਿਆਂ ਕਾਰਨ ਜ਼ਖਮੀ ਹੋਏ ਹਨ। ਜਪਾਨ ਵਿੱਚ ਕਰੀਬ 20 ਲੱਖ ਲੋਕਾਂ ਨੂੰ ਆਪਣੇ ਘਰ ਖਾਲੀ ਕਰਵਾਉਣ ਲਈ ਕਹਿ ਦਿੱਤਾ ਹੈ। ਸਥਾਨਕ ਮੀਡੀਆ ਮੁਤਾਬਕ ਹੋਕਾਇਡੋ ਵਿੱਚ ਕਰੀਬ 11 ਹਜ਼ਾਰ ਲੋਕ ਛੱਤਾਂ ਉੱਤੇ ਖੜ੍ਹੇ ਵੇਖੇ ਗਏ ਹਨ। ਹਵਾਈ ਵਿੱਚ ਕਮਰਸ਼ੀਅਲ ਸਮੁੰਦਰੀ ਜਹਾਜ਼ਾਂ ਨੂੰ ਖੇਤਰ ਤੋਂ ਹੱਟਣ ਲਈ ਕਿਹਾ ਗਿਆ ਹੈ। ਹਵਾਈ ਵੱਲ ਨੂੰ ਜਾਂਦੀਆਂ ਕਈ ਉਡਾਣਾਂ ਨੂੰ ਵੀ ਹਵਾ ਵਿੱਚ ਹੀ ਡਾਇਵਰਟ ਕਰ ਦਿੱਤਾ ਗਿਆ ਹੈ।

# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025



ੴ

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ ॥

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਲੋਂ

113-10 101st Ave., South Richmond Hill NY 11419





# "ਸਾਚਾ ਗੁਰੂ ਲਾਧੋ ਰੇ" ਦਿਵਸ

## 10 ਅਗਸਤ 2025 ਦਿਨ ਐਤਵਾਰ

ਨੂੰ ਮਨਾਇਆ ਜਾ ਰਿਹਾ ਹੈ । 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਦੀਵਾਨ ਸਜਣਗੇ ।

ਪਹੁੰਚ ਰਹੇ ਰਾਗੀ, ਢਾਡੀ ਅਤੇ ਕਥਾਵਾਚਕ।



* ਭਾਈ ਸੁਖਵੰਤ ਸਿੰਘ ਜੀ
ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ।



* ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ
ਰਾਗੀ ਜਥਾ



* ਭਾਈ ਅਮਰੀਕ ਸਿੰਘ ਗੁਰਦਾਸਪੁਰ
ਰਾਗੀ ਜਥਾ



* ਭਾਈ ਸੁਖਵੰਤ ਸਿੰਘ ਜੀ
ਕਥਾਵਾਚਕ



* ਭਾਈ ਮੋਹਨ ਸਿੰਘ ਜੀ ਬਡਾਨਾ
ਢਾਡੀ ਜਥਾ




### EXECUTIVE COMMITEE

| | | |
|---|---|---|
| **Sukhjinder Singh Subhanpur** | **President** | 917-807-5854 |
| Surinder Singh Gilzian | Vice President | 917-226-6245 |
| Harjit Singh Gilzian | General Secretary | 718-427-3751 |
| Jagwinder Singh Monty | Secretary | 347-645-0550 |
| Jaswinder Singh | Secretary | 718-223-3836 |
| Garib Singh Kali | Cashier | 347-612-8895 |
| Jaswinder Singh Akala | Assistance Cashier | 718-415-1200 |
| Harvinder Singh Kudalas Harry | Assistance Cashier | 347-277-8790 |
| Sukhdev Singh Bhatura | Media In-Charge | 347-445-0237 |
| Balwinder Singh Kala | Langar In-charge | 646-496-7400 |
| Sharndeep Singh | Langar In-charge | 929-666-9664 |
| Malkeet Singh Salempur | Langar In-charge | 917-434-3572 |
| Diljeet Kaur | Vice Education Chairman | 929-583-0291 |
| Prabjot Kaur | Education Chairman | 516-474-0870 |
| Amandeep Kaur | Teacher | 708-382-0431 |
| Gurjot Singh | Building In-Charge | 347-552-9175 |
| Chatinderpal Singh | Assistance Building In-Charge | 718-659-8900 |

### BOARD OF TRUST

| | | |
|---|---|---|
| Narinder Singh Barara | Chairman | 917-957-9560 |
| Balwinder Singh | Vice Chairman | 917-373-4262 |
| Akal Singh | Board of Trust - Secretary | 516-244-3081 |
| Balwinder Singh Jalandher | Board of Trust - Vice Secretary | 917-346-3662 |
| Harvinder Singh Pandori | Board of Trust - Vice Secretary | 718-709-6106 |
| Balwinder Singh Bassi | Member | 718-427-3750 |
| Gurwinder Singh | Member | 347-522-6617 |
| Lakhwinder Singh Lakhi | Member | 516-667-8004 |
| Sucha Singh Nagaly | Member | 347-753-8490 |
| Surinder Singh | Member | 917-226-6245 |
| Sukhwinder Singh | Member | 347-753-6238 |
| Balbir Singh | Member | 347-285-7026 |
| Saroop Singh | Member | 347-721-6245 |
| Surinder Singh | Member | 718-659-9054 |
| Kulwant Kaur | Member | 917-553-5036 |
| Harbinder Singh Jony | Member | 929-325-4215 |
| Tarsem Singh Surkhan | Member | 917-217-6581 |
| Jaspal Singh Bhagwanpur | Member | 718-820-3375 |
| Lakhwinder Singh Laddi | Member | 347-684-9246 |

### EX-PRESIDENTS / SELECTION COMMITTEE

| | |
|---|---|
| Master Mohinder Singh | Paramjit Singh Begowal |
| Ragbhir Singh Subhanpur | Mohinder Singh Mehmadpur |
| Manjit Singh Dasuya | Harjit Singh Sallan |
| Pritam Singh Gilzian | Ranjit Singh Mehmadpur |
| Himmat Singh Sarpanch | Jagjit Singh Begowal |
| Kuldeep Singh Khalsa | Satnam Singh Talhi |
| Gurmeet Singh Mehmadpur | Amrik Singh Morthali |
| Gurmej Singh Haryana | Baldev Singh Gilzian |
| Ragbhir Singh Babbi | Daler Singh |

### SEWADAR

Dalip Singh Raipur
Kulwant Singh Nadala
Harpreet Singh Subhanpur
Mohinder Singh Harry
Sukhjinder Singh Rimpi
Gurnam Singh Talhi
Bhupinder Singh Bobby Narangpur
Davinder Singh Bobby Sallan
Jagir Singh Sallan
Nirmal Singh Narangpur
Kamaljeet Singh Bhatnura
Gurnam Singh Talha
Jaswinder Singh Policea
Gurdev Singh Nangal Lubana
Bikram Singh Tinku
Satnam Singh Satta
Malkeet Singh Nitta
Paramjeet Singh Bittu Haryana
Sethi
Micky
Malkeet Singh Jonny
Gurmeet Singh Bhulath
Davinder Singh Shalu
Gulchaman Singh
Karnail Singh Niki Miani
Kulwant Singh Nadala



ਡਾ. ਭਾਈ ਅਮਰੀਕ ਸਿੰਘ ਜੀ
ਲਤੀਫਪੁਰ, ਹੈੱਡ ਗ੍ਰੰਥੀ ।
917-400-3868

* ਭਾਈ ਕੁਲਵੰਤ ਸਿੰਘ, ਐਡੀਸ਼ਨਲ ਹੈੱਡ ਗ੍ਰੰਥੀ ।
* ਭਾਈ ਜਸਵੰਤ ਸਿੰਘ ਗ੍ਰੰਥੀ ।
* ਭਾਈ ਸੁੱਖਦੇਵ ਸਿੰਘ ਗ੍ਰੰਥੀ ।
* ਭਾਈ ਗੁਰਮੀਤ ਸਿੰਘ ਲਾਂਗਰੀ ।

**ਸੰਗਤਾਂ ਲਈ ਖਾਣ ਪੀਣ ਦੇ ਸਟਾਲ ਲਾਏ ਜਾਣਗੇ**

ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਹਾਜਰੀ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

ਫੋਨ ਨੰਬਰ: 718 805 6941 - 718 805 7400
www.gurdwarababamakhanshahlubanany.com

Print & Designed by : PrintLinkers.com : 347-475-5555 (Dilpreet Singh)

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025





# Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 314
Website: www.preetnama.com Email preetnamausa@gmail.com
01 TO 07 AUGUST , 2025




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314

Website: www.preetnama.com Email preetnamausa@gmail.com

01 TO 07 AUGUST , 2025


# ਸਿੰਘਾਪੁਰ ’ਚ ਪਹਿਲਾ ਤੀਆਂ ਦਾ ਮੇਲਾ ਸਫਲਤਾਪੂਰਵਕ ਮੁਕੰਮਲ - ਜੀਤ ਕੌਰ ਖੁਰਦ

ਸਿੰਘਾਪੁਰ ਵਿੱਚ 27 ਜੁਲਾਈ ਨੂੰ ਤੀਆਂ ਦਾ ਪਹਿਲਾ ਮੇਲਾ ਕਰਵਾਇਆ ਗਿਆ, ਇਹ ਮੇਲਾ ਵਰਕ ਪਰਮਿਟ ’ਤੇ ਕੰਮ ਕਰ ਰਹੇ ਭੈਣ-ਭਰਾਵਾਂ ਵੱਲੋਂ ਸਾਂਝੇ ਤੌਰ ’ਤੇ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੇ ਵਧ-ਚੜ੍ਹ ਕੇ ਸ਼ਿਰਕਤ ਕੀਤੀ। ਇਸ ਮੇਲੇ ਵਿੱਚ ਗਿੱਧੇ ਅਤੇ ਭੰਗੜੇ ਦੀਆਂ ਵੱਖ-ਵੱਖ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ, ਕੁਝ ਕਲਮ ਦੇ ਧਨੀ ਭੈਣ-ਭਰਾਵਾਂ ਨੇ ਆਪਣੀਆਂ ਮੂਲ ਰਚਨਾਵਾਂ ਨਾਲ ਹਾਜ਼ਰੀ ਲਗਵਾਈ। ਜੀਤ ਕੌਰ ਖੁਰਦ ਨੇ ਮੇਲੇ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਤੀਆਂ ਦਾ ਇਹ ਪਹਿਲਾ ਮੇਲਾ ਉਮੀਦ ਨਾਲੋਂ ਵੱਧ ਸਫਲ ਰਿਹਾ। ਮੇਲੇ ਦੇ ਮੁੱਖ ਪ੍ਰਬੰਧਕ ਸ਼ੰਮੀ ਭਲਵਾਨ ਸਨ, ਮੇਲੇ ਦੇ ਪ੍ਰਬੰਧਾਂ ’ਚ ਜਿਨ੍ਹਾਂ ਦਾ ਸਹਿਯੋਗ ਗੀਤਾ, ਸ਼ਬਨਮ, ਗੁਰਮੀਤ ਕੌਰ ਤੇ ਰੀਤ ਢੀਂਡਸਾ ਨੇ ਦਿੱਤਾ। ਮੇਲੇ ਲਈ ਸੋਨੂੰ ਸਿੰਘਾਪੁਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਜੀਤ ਕੌਰ ਖੁਰਦ ਵੱਲੋਂ ਬਾਖੂਬੀ ਨਿਭਾਈ ਗਈ।



# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314

Website: www.preetnama.com Email preetnamausa@gmail.com

01 TO 07 AUGUST , 2025




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025



# ਨਾਮਧਾਰੀ ਸਿੱਖ ਸੰਗਤ ਭੈਣੀ ਸਾਹਿਬ ਦੇ ਵਰਤਮਾਨ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਮਰੀਕਾ ਫੇਰੀ !!







ਸ੍ਰੀ ਸਤਿਗੁਰੂ ਉਦੇ ਸਿੰਘ ਨਾਮਧਾਰੀ ਜੀ ਦੀ ਅਮਰੀਕਾ ਫੇਰੀ ਦੌਰਾਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ , ਸੂਬਿਆਂ , ਅਤੇ ਦੇਸ਼ਾਂ ਤੋਂ ਸਤਿਗੂਰੂ ਦੇ ਦਰਸ਼ਨ ਕਰਕੇ ਜੀਵਨ ਸਫ਼ਲ ਕਰਨ ਲਈ ਨਾਮਧਾਰੀ ਸਿੱਖ ਸੰਗਤ ਅਤੇ ਕੂਕਾ ਲਹਿਰ ਦੇ ਹਿਤੈਸ਼ੀ ਸੰਗਤੀ ਰੂਪ ਵਿੱਚ ਇਕੱਠੇ ਹੋਏ ।

ਜੁਲਾਈ 3 ਨੂੰ ਜੌਹਨ ਫਿਟਜ਼ਗੇਰਾਲਡ ਕੈਨੇਡੀ ( ਜੇ ਐਫ ਕੇ ) ਹਵਾਈ ਅੱਡੇ ਨਿਊਯਾਰਕ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਪਹੁੰਚੇ ।ਉਨ੍ਹਾਂ ਨਾਲ ਸੰਤ ਕਰਤਾਰ ਸਿੰਘ ਜੀ , ਰਾਗੀ ਜੱਥਾ ਸੰਤ ਬਲਵੰਤ ਸਿੰਘ , ਸੰਤ ਹਰਪ੍ਰੀਤ ਸਿੰਘ ' ਸੋਨੂੰ ' ਅਤੇ ਸੰਤ ਗੁਰਲਾਲ ਸਿੰਘ ਜੀ ਵੀ ਪਹੁੰਚੇ ।ਸਤਿਗੂਰੂ ਜੀ , ਮਾਤਾ ਜੀ ਅਤੇ ਉਨ੍ਹਾਂ ਦੀ ਸੰਗਤ ਕਰ ਰਹੇ ਸੰਤ ਜਨ ਦੇ ਸਵਾਗਤ ਲਈ ਨਿਊਯਾਰਕ ਦੀ ਨਾਮਧਾਰੀ ਸਿੱਖ ਸੰਗਤ ਅਤੇ ਬਾਹਰੋਂ ਆਈ ਹੋਈ ਨਾਮਧਾਰੀ ਸਿੱਖ ਸੰਗਤ ਹਵਾਈ ਅੱਡੇ ਤੇ ਪਹੁੰਚੇ ।ਜਿਨ੍ਹਾਂ ਵਿੱਚ ਨਿਊਯਾਰਕ ਸਿੱਖ ਸੰਗਤ ਵਲੋਂ ਪ੍ਰਧਾਨ ਸੰਤ ਸਵਰਨ ਸਿੰਘ ਅਤੇ ਸੰਤ ਜਸਬੀਰ ਸਿੰਘ , ਇੰਡਿਆਨਾਂ ਤੋਂ ਸੰਤ ਸਰਮੁੱਖ ਸਿੰਘ , ਸੁਦਰਸ਼ਨ ਸਿੰਘ ਅਤੇ ਸੰਤ ਸੁਖਦੇਵ ਸਿੰਘ ਸੇਵਕ ਸਮੇਤ ਪਰਿਵਾਰ , ਬਲਟੀਮੋਰ ਤੋਂ ਸੰਤ ਅਵਤਾਰ ਸਿੰਘ ਅਤੇ ਸੰਤ ਪਰਮਜੀਤ ਸਿੰਘ ਸਮੇਤ ਪਰਿਵਾਰ, ਨਿਊਜਰਸੀ ਤੋਂ ਰੀਟਾ ਜੀ ਅਤੇ ਸੰਤ ਜਗਦੀਪ ਸਿੰਘ ਜੀ ਸਮੇਤ ਪਰਿਵਾਰ, ਵਾਸ਼ਿੰਗਟਨ ਤੋਂ ਨਾਮਧਾਰੀ ਸਿੱਖ ਸੰਗਤ ਅਤੇ ਟੈਕਸਸ ਤੋਂ ਸ.ਅਸ਼ਮੀਤ ਸਿੰਘ ਆਦਿ ਸੱਜਨਾਂ ਤੋਂ ਇਲਾਵਾ ਵੀ ਸੱਜਨ ਸਤਿਗੁਰੂ ਜੀ ਦੇ ਸਵਾਗਤ ਲਈ ਹਵਾਈ ਅੱਡੇ ਪਹੁੰਚੇ ਸਨ ਨਾਮ ਸਤਿਗੁਰ ਆਪ ਜਾਣੀ ਜਾਣ ਹਨ ।

ਜੁਲਾਈ 4 , 5, ਅਤੇ 6 , 2025 ਨੂੰ ਨਿਊਯਾਰਕ ਦੇ ਪੜਾਅ ਵਿੱਚ ਵੱਖ-ਵੱਖ ਸ਼ਹਿਰਾਂ ਤੋਂ ਆਈਆਂ ।ਜੁਲਾਈ 4 ਨੂੰ ਆਸਾ ਦੀ ਵਾਰ ਵੇਲੇ ਸੰਗਤਾਂ ਨੇ ਹੁੰਮ ਹੁਮਾ ਕੇ 1221 ਆਰਲੀ ਕੋਰਟ ਵੈਲੀ ਸਟ ?ਰੀਮ ਨਿਊਯਾਰਕ 11580 ਵਿਖੇ ਪਹੁੰਚ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਸੰਤ ਬਲਵੰਤ ਸਿੰਘ ਰਾਗੀ ਵਲੋਂ ਕੀਤੇ ਕੀਰਤਨ ਦਾ ਅਨੰਦ ਮਾਣਿਆ ।ਇਸ ਹੀ ਲੈਅ ਵਿੱਚ ਹਰ ਰੋਜ਼ ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਵੇਲੇ ਰਹਿਰਾਸ ਤੇ ਦੋਵੇਂ ਵੇਲੇ ਦੇ ਦਰਬਾਰ ਵਿੱਚ ਕੀਰਤਨ , ਗੁਰਬਾਣੀ ਅਤੇ ਸਤਿਗੂਰੂ ਜੀ ਦੇ ਗੁਰਮਤਿ ਪ੍ਰਵਚਨਾਂ ਦਾ ਲਾਹਾ ਲੈਣ ਲਈ ਨਾਮਧਾਰੀ ਸਿੱਖ ਸੰਗਤਾਂ ਇਕੱਤਰ ਹੋਈਆਂ ।ਸਤਿਗੂਰੂ ਜੀ ਨੇ ਮਨੁੱਖੀ ਜੀਵਨ ਸੁਖਾਲਾ ਅਤੇ ਸੁੰਦਰ ਬਣਾਉਣ ਲਈ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਸਿਮਰਨ ਕਰਨ ਲਈ ਉਪਦੇਸ਼ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ ।ਬੱਚਿਆਂ ਤੋਂ ਇਲਾਵਾ ਉਮਰ ਵਿੱਚ ਸਿਆਣਿਆਂ ਨੇ ਗੁਰੂ ਨਾਨਕ ਸਾਹਿਬ ਜੀ ਦੀ ਰਚਿਤ ਗੁਰਬਾਣੀ ਦੇ ਪਾਠ ਕੀਤੇ ।ਜੁਲਾਈ 4 ਨੂੰ ਸ਼ਾਮ ਦੇ ਦਰਬਾਰ ਵਿੱਚ ਸੰਤ ਗੁਰਲਾਲ ਸਿੰਘ ਨੇ ਗੁਰੂ ਦੀ ਮਹਿਮਾ ਵਿੱਚ ਕੀਰਤਨ ਕੀਤਾ ਅਤੇ ਗੁਰੂ ਦੀ ਮਹਿਮਾ ਅਪਰਮ ਅਪਾਰ ਹੈ ਦੇ ਹਵਾਲੇ ਦੱਸਕੇ ਸੰਗਤਾਂ ਨੂੰ ਨਿਹਾਲ ਕੀਤਾ ।

ਜੁਲਾਈ 5 , 2025 ਨੂੰ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਅਤੇ ਸਤਿਗੁਰ ਜੀ ਦੇ ਦਰਸ਼ਨਾਂ ਦਾ ਅਨੰਦ ਮਾਣਿਆ ।ਸਤਿਗੂਰੂ ਜੀ ਨੇ ਆਪਣੇ ਡੇਰੇ ਸਥਾਨ ਸੰਤ ਜਸਬੀਰ ਸਿੰਘ ਦੇ ਘਰ ਪਹੁੰਚ ਕੇ ਅਤੇ ਨਾਮਧਾਰੀ ਸਿੱਖ ਸੰਗਤਾਂ ਨੇ ਲੰਗਰ ਛਕਿਆ ।ਡਾ.ਗੁਰਿੰਦਰ ਪਾਲ ਸਿੰਘ ਜੋਸ਼ਨ ਸਾਰਾਗੜ੍ਹੀ ਫਾਊਂਡੇਸ਼ਨ ਦੇ ਆਗੂ ਜੀ ਨੇ " ਚਾਂਦਨੀ ਚੌਂਕ ਦੇ ਸ਼ਹੀਦ " ਕਿਤਾਬ ਸਤਿਗੂਰੂ ਜੀ ਨੂੰ ਭੇਂਟ ਕੀਤੀ ।ਸੰਤ ਸ਼ੇਰ ਸਿੰਘ ਅਤੇ ਸੰਤ ਸਤਵੰਤ ਸਿੰਘ ਜੀ ਨੇ ਜਲੇਬੀਆਂ ਅਤੇ ਰਬੜੀ ਦਾ ਲੰਗਰ ਛਕਾਇਆ ਜਿਸ ਦੀ ਸਤਿਗੁਰੂ ਜੀ ਪਾਸੋਂ ਵਾਹ ! ਵਾਹ ! ਦਾ ਅਸ਼ੀਰਵਾਦ ਪ੍ਰਾਪਤ ਕੀਤਾ ।ਸ. ਦਵਿੰਦਰ ਸਿੰਘ ਜੀ ਨੂੰ ਮਾਤਾ-ਪਿਤਾ ਅਤੇ ਸਮੂਹ ਪਰਿਵਾਰ ਨੂੰ ਨਿਊਜਰਸੀ ਘਰ ਜਾ ਕੇ ਨਿਵਾਜਿਆ , ਸ.ਅਮਰ ਸਿੰਘ ਦੇ ਘਰ ਚਰਣ ਪਾਏ ਅਤੇ ਅਮਰਜੀਤ ਸਿੰਘ ਦੇ ਘਰ ਸੰਗਤਾਂ ਸਮੇਤ ਪਹੁੰਚ ਕੇ ਅਸ਼ੀਰਵਾਦ ਦਿੱਤਾ ।ਡੇਰੇ ਪਹੁੰਚਣ ਉਪਰੰਤ ਅਜਿੰਦਰ ਸਿੰਘ ਟਿੰਕੂ ( ਅਲਬਾਨੀ ) , ਸੋਨੂ ਜੀ ਨੂੰ ਪਰਿਵਾਰਾਂ ਸਮੇਤ ਅਸ਼ੀਰਵਾਦ ਦਿੱਤਾ ਅਤੇ ਗੁਰਚਰਨ ਸਿੰਘ ਸਪੁੱਤਰ ਨਿਰਮਲ ਸਿੰਘ ਬੂੰਗਾ ਦੇ ਸਪੁੱਤਰ ਨੂੰ ਦਸਤਾਰ ਸਜਾ ਕੇ ਸਿੱਖ ਹੋਣ ਦਾ ਮਾਣ ਬਖਸ਼ਿਆ ।ਸ਼ਾਮ ਦੇ ਦੀਵਾਨ ਸਜੇ ਸੰਗਤਾਂ ਨੇ ਸੰਤ ਬਲਵੰਤ ਸਿੰਘ ਰਾਗੀ , ਸੰਤ ਹਰਪ੍ਰੀਤ ਸਿੰਘ ਸੋਨੂ ਅਤੇ ਸੰਤ ਗੁਰਲਾਲ ਸਿੰਘ ਜੀ ਵੱਲੋਂ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਅਤੇ ਸਤਿਗੂਰੂ ਜੀ ਦੇ ਦਰਸ਼ਨ ਦੀਦਾਰੇ ਕਰ ਕੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਸਿੱਖਿਆ ਪ੍ਰਾਪਤ ਕੀਤੀ ।

ਜੁਲਾਈ 6 ਨੂੰ ਸਤਿਗੂਰੂ ਜੀ ਦੀ ਹਾਜ਼ਰੀ ਵਿੱਚ ਨਾਮਧਾਰੀ ਪ੍ਰੰਪਰਾਵਾਂ ਅਨੁਸਾਰ ਸ.ਮਨਪ੍ਰੀਤ ਸਿੰਘ ਦੇ ਸਪੁੱਤਰ ਅਮਰਜੀਤ ਸਿੰਘ ਅਤੇ ਬੀਬੀ ਮਹਿਕ ਲਾਂਬਾ ਦੀ ਸੁਭਾਗ ਜੋੜੀ ਦਾ ਵਿਆਹ ਹੋਇਆ । ਸਤਿਗੂਰੂ ਸ੍ਰੀ ਰਾਮ ਸਿੰਘ ਜੀ ਦਾ ਦ੍ਰਿਸ਼ਟੀਕੋਣ ਨਾਮਧਾਰੀ ਸਿੱਖ ਸੰਗਤ ਅੱਜ ਵੀ ਬਿਨਾਂ ਦਹੇਜ਼ ਅਤੇ ਬਿਨਾਂ ਕਿਸੇ ਖ਼ਰਚੇ ਤੋਂ ਵਿਆਹ ਦੀ ਰਸਮ ਨਿਭਾਉਂਦੀ ਹੈ ।ਸਵੇਰ ਦੇ ਸਮਾਗਮਾਂ ਦੀ ਸਮਾਪਤੀ ਤੋਂ ਬਾਅਦ ਸ੍ਰੀ ਸਤਿਗੂਰੂ ਜੀ ਸੰਤ ਸਵਰਨ ਸਿੰਘ ਸਲੈਚ ਪ੍ਰਧਾਨ ਨਿਊਯਾਰਕ ਦੇ ਗ੍ਰਹਿ ਵਿਖੇ ਪਹੁੰਚ ਕੇ ਸਮੇਤ ਪਰਿਵਾਰ ਉਨ੍ਹਾਂ ਨੂੰ ਨਿਵਾਜਿਆ ਅਤੇ ਤੰਦਰੁਸਤੀ ਦਾ ਅਸ਼ੀਰਵਾਦ ਦਿੱਤਾ ।ਡਾ. ਗੁਰਪ੍ਰੀਤ ਧੁੱਗਾ ਦੀ ਕਿਤਾਬ ' ਚਾਲੀ ਦਿਨ ' ਸਤਿਗੂਰੂ ਜੀ ਨੂੰ ਸਵਰਨ ਸਿੰਘ ਨੇ ਭੇਂਟ ਕੀਤੀ ਜੋ ਏਵੀ ਸੰਧੂ ਦੇ ਉਪਰਾਲਾ ਕਰਨ ਤੇ ਸਤਿਗੂਰੂ ਜੀ ਤੱਕ ਪੁੱਜੀ ।ਉਪਰੰਤ ਸਤਿਗੂਰੂ ਜੀ ਅੰਦਾਜ਼ਨ 150 ਮੀਲ ਦੀ ਦੂਰੀ ਤੇ ਵੱਸਦੇ ਸ਼ਹਿਰ ਅਲਬਾਨੀ ਅਜਿੰਦਰ ਸਿੰਘ ਟਿੰਕੂ ਦੇ ਘਰ ਪਹੁੰਚ ਕੇ ਸਮੂਹ ਪਰਿਵਾਰ ਨੂੰ ਨਿਵਾਜਿਆ । ਉਸ ਹੀ ਸ਼ਾਮ ਨੂੰ ਸੱਚੇ ਪਾਤਸ਼ਾਹ ਜੀ ਲੂਗਾਰਡੀਆ ਹਵਾਈ ਅੱਡੇ ਤੋਂ ਫਲਾਈਟ ਲੈ ਕੇ ਇੰਡੀਅਨਾਂ ਐਪਲਸ ਪਹੁੰਚ ਕੇ ਨਾਮਧਾਰੀ ਸਿੱਖ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ ।ਨਿਊਯਾਰਕ ਦੀ ਸਮੁੱਚੀ ਸਿੱਖ ਸੰਗਤ ਸਤਿਗੂਰੂ ਜੀ ਦੀ ਮੌਜੂਦਗੀ ਮਹਿਸੂਸ ਕਰ ਰਹੀ ਹੈ ।

ਸ੍ਰੀ ਸਤਿਗੂਰੂ ਰਾਮ ਸਿੰਘ ਜੀ ਕੂਕਾ ਲਹਿਰ ਦੇ ਬਾਨੀ ਅਤੇ ਨਾਮਧਾਰੀ ਸਿੱਖ ਸੰਗਤ ਦੇ ਮੁਖੀ ਸਨ ।ਯਾਦ ਰਹੇ, ਕੂਕਾ ਲਹਿਰ ਦੇ ਸੰਤ ਸਿਪਾਹੀ ਜਾਨ ਤਲੀ ਉੱਤੇ ਰੱਖਕੇ ਅੰਗਰੇਜ਼ ਸਾਮਰਾਜ ਦੇ ਵਿਰੁੱਧ ਜੂਝੇ ਸਨ ।ਸਤਿਗੂਰੂ ਰਾਮ ਸਿੰਘ ਜੀ ਨੇ ਅੰਗਰੇਜ਼ ਹਕੂਮਤ ਵਿਰੁੱਧ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਦੀ ਲੜਾਈ ਲੜੀ ਅਤੇ ਅੰਗਰੇਜ਼ ਸਾਮਰਾਜ ਦੀ ਹਕੂਮਤ ਵਿੱਚ ਆਪਣਾ ਰਾਜ ਸਥਾਪਿਤ ਕਰਕੇ ਅੰਗਰੇਜ਼ ਹਕੂਮਤ ਦਾ ਬਾਈਕਾਟ ਕੀਤਾ ।ਆਪਣੇ ਸਕੂਲ ਬਣਾਏ , ਡਾਕ ਵਿਭਾਗ ਦਾ ਬਣਾਇਆ ਜੋ ਅੰਗਰੇਜ਼ ਸਰਕਾਰ ਦੇ ਪ੍ਰਬੰਧ ਤੋਂ ਕਈ ਗੁਣਾ ਤੇਜ਼ੀ ਨਾਲ ਕੰਮ ਕਰਦਾ ਸੀ , ਖਾਦੀ ਕੱਪੜਾ ਉਦਯੋਗ ਬਣਾਇਆ ਅਤੇ ਸਵਦੇਸ਼ੀ ਕੱਪੜਾ ਪਹਿਨਣ ਲਈ ਸੰਗਤਾਂ ਨੂੰ ਜਾਗਰੂਕ ਕੀਤਾ ,ਸਤੀ ਦੀ ਰਸਮ ਦਾ ਵਿਰੋਧ ਕਰਦਿਆਂ ਵਿਧਵਾਵਾਂ ਨੂੰ ਮੁੜ ਘਰ ਵਸਾਉਣ ਲਈ ਉਤਸ਼ਾਹਿਤ ਕੀਤਾ , ਬਾਲ ਵਿਆਹ ਬੰਦ ਕੀਤੇ ਅਤੇ ਵਿਆਹਾਂ ਵਿੱਚ ਦਹੇਜ਼ ਨਾ ਦੇਣ ਤੇ ਘੱਟ ਖਰਚ ਕਰਨ ਦੀ ਰਵਾਇਤ ਸ਼ੁਰੂ ਕੀਤੀ ਆਦਿ ਕੰਮ ਕੀਤੇ , ਸੂਬੇ ਬਣਾਏ ਜਿਨ੍ਹਾਂ ਨੂੰ ਚਲਾਉਣ ਲਈ ਸੂਬੇਦਾਰ ( ਪ੍ਰਬੰਧਕ ਜ਼ਿੰਮੇਵਾਰ ) ਭਾਵ ਜਿੰਮੇਵਾਰ ਪ੍ਰਬੰਧ ਬਣਾਇਆ ।ਸ਼੍ਰੀ ਭੈਣੀ ਸਾਹਿਬ ਕੇਂਦਰੀ ਸਥਾਨ ਸੀ ।ਕੂਕਾ ਲਹਿਰ ਦੇ ਯੋਗਦਾਨ ਨੂੰ ਜੇਕਰ ਥੋੜ੍ਹੇ ਸ਼ਬਦਾਂ ਵਿੱਚ ਪੇਸ਼ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਅੰਗਰੇਜ਼ ਸਾਮਰਾਜ ਦੀਆਂ ਚੂਲ ?ਾਂ ਹਿਲਾ ਦਿੱਤੀਆਂ ਸਨ ।ਸਤਿਕਾਰਯੋਗ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਨ ਦਾ ਕਾਰਨ ਵੀ ਇਹੋ ਹੀ ਸੀ ਕਿ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਨੂੰ ਪ੍ਰਚੰਡ ਕੀਤਾ ਸੀ ।ਯਾਦ ਰਹੇ , ਸਤਿਗੁਰੂ ਸ੍ਰੀ ਰਾਮ ਸਿੰਘ ਸਮੇਤ ਗਿਆਰਾਂ ਸੂਬਿਆਂ ( ਸੂਬੇਦਾਰਾਂ ) ਨੂੰ ਪੰਜਾਬ ਤੋਂ ਬਾਹਰ ਨਜ਼ਰਬੰਦੀ ਦੇ ਸਰਕਾਰੀ ਹੁਕਮ ਸੁਣਾਏ ਸਨ । ਇਨ੍ਹਾਂ ਵਿੱਚ 1. ਸੂਬਾ ਬ੍ਰਹਮਾ ਸਿੰਘ ਪ੍ਰਮੁੱਖ ਸਨ ।2. ਸੂਬਾ ਜਵਾਹਰ ਸਿੰਘ 3. ਸੂਬਾ ਮਲੂਕ ਸਿੰਘ 4.ਸੂਬਾ ਕਾਹਨ ਸਿੰਘ ਨਿਹੰਗ 5. ਸੂਬਾ ਸਾਹਿਬ ਸਿੰਘ 6.ਸੂਬਾ ਰੂੜ ਸਿੰਘ 7.ਸੂਬਾ ਲੱਖਾ ਸਿੰਘ 8.ਸੂਬਾ ਪਹਾੜਾ ਸਿੰਘ 9.ਸੂਬਾ ਹੁਕਮਾਂ ਸਿੰਘ 10.ਸੂਬਾ ਮਾਨ ਸਿੰਘ ਅਤੇ 11. ਸੂਬਾ ਸ.ਮੰਗਲ ਸਿੰਘ ਬਿਸ਼ਨਪੁਰਾ ਸਨ ।ਇਨਾਂ ਸੂਬਿਆਂ ਨੂੰ ਬਾਅਦ ਵਿੱਚ ਜਲਾਵਤਨੀ ਦੀ ਥਾਂ ਬੰਗਾਲ ਰੈਗੂਲੇਸ਼ਨ 1818 ਦੀ ਧਾਰਾ ਅਧੀਨ " ਨਿਵਾਰਕ "ਸਜ਼ਾ ਸੁਣਾਈ ਗਈ ਸੀ ।

" ਨਿਵਾਰਕ " ਸਜ਼ਾ ਦਾ ਅਰਥ ਹੈ ਕਿ ਵਿਅਕਤੀ ਨੂੰ ਜੋ ਕੰਮ ਕਰ ਰਿਹਾ ਹੈ ਉਸ ਤੋਂ ਰੋਕਣਾ ..!ਅੰਗਰੇਜ਼ ਸਾਮਰਾਜ ਨੇ ਇਹੋ ਜਿਹੇ ਕਈ ਕਾਨੂੰਨ ਬਣਾਏ ਸਨ ਜੋ ਅਗਾਂਹਵਧੂ ਜੁਝਾਰੂਆਂ ਨੂੰ ਆਪਣੇ ਘਰਾਂ ਤੋਂ ਅਤੇ ਇਲਾਕਿਆਂ ਬਾਹਰ ਜਾਣ ਤੋਂ ਰੋਕਦੇ ਸਨ । ਸੂਬੇ ਸਤਿਗੁਰੂ ਸ੍ਰੀ ਰਾਮ ਸਿੰਘ ਦੀ ਦਿਸ਼ਾ ਦ੍ਰਿਸ਼ਟੀਕੋਣ ਅਨੁਸਾਰ ਕੂਕਾ ਲਹਿਰ ਦਾ ਪਸਾਰ ਕਰਦੇ ਸਨ ਜੋ ਅੰਗਰੇਜ਼ ਹਕੂਮਤ ਦੇ ਰਾਜ ਨੂੰ ਢਾਹ ਲਾਉਣ ਲਈ ਇੱਕ ਰਾਜਨੀਤਿਕ ਹਥਿਆਰ ਸੀ ।

ਅੱਜ ਸਥਿਤੀ ਅੰਗਰੇਜ਼ ਹਕੂਮਤ ਤੋਂ ਵੱਖਰੀ ਹੈ , ਪਰ ਬੇਇਨਸਾਫ਼ੀਆਂ ਮੁੱਕੀਆਂ ਨਹੀਂ । ਮਨੁੱਖ ਹੱਥੋਂ ਮਨੁੱਖ ਦੀ ਲੁੱਟ ਜਾਂ ਆਖੀਏ ਮਨੁੱਖ ਹੱਥੋਂ ਮਨੁੱਖ ਦਾ ਘਾਣ ਅੰਗਰੇਜ਼ਾਂ ਦੇ ਰਾਜ ਭਾਗ ਤੋਂ ਕਈ ਦਰਜੇ ਉੱਤੇ ਹੈ ।ਇਸ ਸਥਿਤੀ ਨੂੰ ਸਮਝਣ ਲਈ ਅਤੇ ਬੇਇਨਸਾਫ਼ੀਆਂ ਨੂੰ ਰੋਕਣ ਲਈ ਨਾਮਧਾਰੀ ਸਿੱਖ ਸੰਗਤ ਅੱਜ ਵੀ ਮਹਾਨ ਸ੍ਰੀ ਸਤਿਗੂਰੂ ਰਾਮ ਸਿੰਘ ਜੀ ਦੇ ਦ੍ਰਿਸ਼ਟੀਕੋਣ ਨੂੰ ਯਾਦ ਰੱਖਦਿਆਂ ਲੋਕ-ਪੱਖੀ ਕਿਰਤੀ ਵਰਗ ਦੀ ਭਲਾਈ ਲਈ ਅਗਵਾਈ ਕਰਦੀ ਹੈ , ਸ੍ਰੀ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਸਮਰਪਿਤ ਹੈ ਅਤੇ ਕਿਰਤੀ ਵਰਗ ਉੱਤੇ ਜ਼ੁਲਮ ਕਰਨ ਵਾਲੀ ਵਿਚਾਰਧਾਰਾ ਦੇ ਵਿਰੁੱਧ ਹੈ ।

ਸਤਿਗੂਰੂ ਸ੍ਰੀ ਉਦੇ ਸਿੰਘ ਜੀ ਦੀ ਆਮਦ ਨਾਲ ਨਿਊਯਾਰਕ ਦੀ ਨਾਮਧਾਰੀ ਸਿੱਖ ਸੰਗਤ ਖੁਸ਼ ਅਤੇ ਅਨੰਦਤ ਸੀ ।

ਸੰਤ ਸਵਰਨ ਸਿੰਘ ਸਲੈਚ , ਸੰਤ ਜਸਬੀਰ ਸਿੰਘ ਜੀ , ਅਤੇ ਸੰਤ ਭੁਪਿੰਦਰ ਸਿੰਘ ਭੁਰਜੀ ਸਾਰੀ ਨਾਮਧਾਰੀ ਸਿੱਖ ਸੰਗਤ ਦੇ ਸਹਿਯੋਗ ਦਾ ਧੰਨਵਾਦ ਕਰਦੇ ਹਨ ।

ਸੰਤ ਬਲਵਿੰਦਰ ਸਿੰਘ ਸਤਿਗੁਰੂ ਸਵੀਟ ਸ਼ਾਪ ਦਾ ਖਾਸ ਧੰਨਵਾਦ ਜਿਨ੍ਹਾਂ ਲੰਗਰਾਂ ਦੀ ਸੇਵਾ ਦਾ ਯੋਗਦਾਨ ਪਾਇਆ ।

ਸਤਿਗੂਰੂ ਜੀ ਦੀ ਨਿਊਯਾਰਕ ਫੇਰੀ ਦੀ ਵੇਰਵੇ ਸਹਿਤ ਜਾਣਕਾਰੀ ਨਾਮਧਾਰੀ ਸਿੱਖ ਸੰਗਤ ਨਿਊਯਾਰਕ ਦੇ ਪ੍ਰਧਾਨ ਸਵਰਨ ਸਿੰਘ ਸਲੈਚ ਅਤੇ ਮਨਮੋਹਨ ਪੂਨੀ ( ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ) ਵੱਲੋਂ ਪਹੁੰਚਾਈ ਗਈ ਹੈ ।

# ਟਰੰਪ ਨੇ ਭਾਰਤ 'ਤੇ 25 ਫੀਸਦ ਟੈਰਿਫ ਲਗਾਉਣ ਦਾ ਕੀਤਾ ਐਲਾਨ, ਜਾਣੋ ਇਸ ਪਿੱਛੇ ਕੀ ਵਜਾ ਦੱਸੀ

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਭਾਰਤ 'ਤੇ 25 ਫੀਸਦ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਟਰੁੱਥ ਸੋਸ਼ਲ 'ਤੇ ਪੋਸਟ ਕੀਤੇ ਗਏ ਇੱਕ ਬਿਆਨ ਵਿੱਚ, ਟਰੰਪ ਨੇ ਕਿਹਾ ਹੈ ਕਿ 1 ਅਗਸਤ ਤੋਂ, ਭਾਰਤ ਤੋਂ ਅਮਰੀਕਾ ਆਉਣ ਵਾਲੀਆਂ ਚੀਜ਼ਾਂ 'ਤੇ 25 ਫੀਸਦ ਟੈਰਿਫ ਲਗਾਏਗਾ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਦੁਨੀਆ ਦੇ ਕਈ ਦੇਸ਼ਾਂ 'ਤੇ ਟੈਰਿਫ ਲਗਾਉਣ ਦਾ ਐਲਾਨ ਕੀਤਾ ਸੀ ਪਰ ਉਨ੍ਹਾਂ ਨੇ ਗੱਲਬਾਤ ਲਈ ਇਸ ਨੂੰ ਰੋਕ ਦਿੱਤਾ। ਇਸ ਦੇ ਨਾਲ ਹੀ, ਵਪਾਰ ਸਮਝੌਤੇ 'ਤੇ ਗੱਲਬਾਤ ਦੀ ਆਖ਼ਰੀ ਮਿਤੀ 1 ਅਗਸਤ ਤੈਅ ਕੀਤੀ ਗਈ ਸੀ। ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰ ਸਮਝੌਤੇ 'ਤੇ ਗੱਲਬਾਤ ਚੱਲ ਰਹੀ ਸੀ ਪਰ ਅਜੇ ਤੱਕ ਇਸ ਦਾ ਐਲਾਨ ਨਹੀਂ ਕੀਤਾ ਗਿਆ ਸੀ।ਇਸ ਦੌਰਾਨ, ਆਖ਼ਰੀ ਮਿਤੀ ਤੋਂ ਦੋ ਦਿਨ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਭਾਰਤ 'ਤੇ ਟੈਰਿਫ ਲਗਾਉਣ ਦਾ ਐਲਾਨ ਕਰ ਦਿੱਤਾ ਹੈ।

**ਡੌਨਲਡ ਟਰੰਪ ਨੇ ਕੀ ਕਿਹਾ ?**

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਅਤੇ ਅਮਰੀਕਾ ਮਿੱਤਰ ਹਨ ਪਰ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਨਾਲ ਬਹੁਤ ਘੱਟ ਵਪਾਰ ਹੋ ਰਿਹਾ ਸੀ ਕਿਉਂਕਿ ਉਨ੍ਹਾਂ ਨੇ ਬਹੁਤ ਜ਼ਿਆਦਾ ਟੈਰਿਫ ਲਗਾਏ ਹੋਏ ਹਨ ਜੋ ਕਿ ਦੁਨੀਆ ਵਿੱਚ ਸਭ ਤੋਂ ਵੱਧ ਹਨ। ਟਰੁੱਥ ਸੋਸ਼ਲ 'ਤੇ ਟਰੰਪ ਨੇ ਲਿਖਿਆ ਕਿ ਭਾਰਤ 'ਤੇ ÷ਕਿਸੇ ਵੀ ਦੇਸ਼ ਨਾਲੋਂ ਸਭ ਤੋਂ ਸਖ਼ਤ ਅਤੇ ਗ਼ੈਰ-ਆਰਥਿਕ ਵਪਾਰਕ ਪਾਬੰਦੀਆਂ ਹਨ। ਇਹ ਆਪਣੇ ਫੌਜੀ ਉਪਕਰਣਾਂ ਦੀ ਵੱਡੀ ਮਾਤਰਾ ਰੂਸ ਤੋਂ ਵੀ ਖਰੀਦਦਾ ਹੈ। ਅਜਿਹੇ ਸਮੇਂ ਜਦੋਂ ਹਰ ਕੋਈ ਚਾਹੁੰਦਾ ਹੈ ਕਿ ਰੂਸ ਯੂਕਰੇਨ ਵਿੱਚ ਕਤਲੇਆਮ ਨੂੰ ਰੋਕੇ, ਉਹ ਰੂਸ ਤੋਂ ਊਰਜਾ ਖਰੀਦ ਦੇ ਮਾਮਲੇ ਵਿੱਚ ਚੀਨ ਦੇ ਨਾਲ ਸਭ ਤੋਂ ਵੱਡਾ ਖਰੀਦਦਾਰ ਹੈ।÷

ਟਰੰਪ ਨੇ ਅੱਗੇ ਲਿਖਿਆ, ਇਹ ਚੀਜ਼ਾਂ ਚੰਗੀਆਂ ਹਨ। ਭਾਰਤ ਨੂੰ ਇਸ ਸਭ ਲਈ ਜੁਰਮਾਨੇ ਦੇ ਨਾਲ 25 ਫੀਸਦ ਟੈਰਿਫ ਦਾ ਭੁਗਤਾਨ ਕਰਨਾ ਪਵੇਗਾ, ਜੋ ਕਿ 1 ਅਗਸਤ ਤੋਂ ਸ਼ੁਰੂ ਹੋਵੇਗਾ। ਇਸ ਮੁੱਦੇ 'ਤੇ ਧਿਆਨ ਦੇਣ ਲਈ ਤੁਹਾਡਾ ਧੰਨਵਾਦ, ਮੇਕ ਅਮਰੀਕਾ ਗ੍ਰੇਟ ਅਗੇਨ (ਅਮਰੀਕਾ ਨੂੰ ਮੁੜ ਮਹਾਨ ਬਣਾਓ)।

**ਟਰੰਪ ਨੇ ਦਿੱਤੇ ਸਨ ਸੰਕੇਤ**

ਅਮਰੀਕਾ ਦੇ ਰੇਸੀਪ੍ਰੋਕਲ ਟੈਰਿਫ ਦੀ ਆਖ਼ਰੀ ਮਿਤੀ ਤੋਂ ਦੋ ਦਿਨ ਪਹਿਲਾਂ, ਮੰਗਲਵਾਰ ਨੂੰ ਹੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਸੰਕੇਤ ਦਿੱਤੇ ਸਨ ਕਿ ਭਾਰਤ ਨੂੰ ਹੋਰ ਟੈਰਿਫਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਟਰੰਪ ਨੇ ਕਿਹਾ ਸੀ ਕਿ ਭਾਰਤ ਨਾਲ ਵਪਾਰ ਸੌਦਾ ਅਜੇ ਪੂਰਾ ਨਹੀਂ ਸਕਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਨੇ ਕਿਸੇ ਵੀ ਹੋਰ ਦੇਸ਼ ਦੀ ਤੁਲਨਾ ਵਿੱਚ ਅਮਰੀਕਾ 'ਤੇ ਜ਼ਿਆਦਾ ਟੈਰਿਫ ਲਗਾਏ ਹਨ ਅਤੇ ਹੁਣ ਜਦੋਂ ਉਹ ਸੱਤਾ ਵਿੱਚ ਹਨ, ਕੋਈ ਵੀ ਦੇਸ਼ ਅਜਿਹਾ ਨਹੀਂ ਕਰ ਸਕਦਾ। ਏਅਰ ਫੋਰਸ ਵਨ ਜਹਾਜ਼ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਟਰੰਪ ਨੇ ਭਾਰਤ ਨਾਲ ਵਪਾਰ ਸਮਝੌਤੇ ਬਾਰੇ ਸੰਕੇਤ ਦਿੱਤੇ, ਅਜਿਹਾ ਲੱਗ ਰਿਹਾ ਸੀ ਕਿ ਟੈਰਿਫ ਘਟਾਉਣ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਹੁਣ ਤੱਕ ਸਫ਼ਲ ਨਹੀਂ ਹੋਈਆਂ ਹਨ। ਇਸ ਤੋਂ ਪਹਿਲਾਂ ਟਰੰਪ ਨੇ ਕਿਹਾ ਸੀ ਕਿ ਜਿਹੜੇ ਦੇਸ਼ ਅਮਰੀਕਾ ਨਾਲ ਵੱਖ-ਵੱਖ ਵਪਾਰ ਸਮਝੌਤੇ ਨਹੀਂ ਕਰਨਗੇ, ਉਨ੍ਹਾਂ ਨੂੰ 15 ਤੋਂ 20 ਫੀਸਦ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ।

**ਟੈਰਿਫ ਕੀ ਹੈ ਅਤੇ ਭਾਰਤ ਕਿੰਨਾ ਟੈਕਸ ਲਗਾਉਂਦਾ ਹੈ ?**

ਟੈਰਿਫ ਦੂਜੇ ਦੇਸ਼ਾਂ ਤੋਂ ਖਰੀਦੀਆਂ ਗਈਆਂ ਚੀਜ਼ਾਂ 'ਤੇ ਲਗਾਏ ਜਾਣ ਵਾਲੇ ਟੈਕਸ ਹੁੰਦੇ ਹਨ। ਦੇਸ਼ ਆਮ ਤੌਰ 'ਤੇ ਕੁਝ ਖੇਤਰਾਂ ਨੂੰ ਵਿਦੇਸ਼ੀ ਮੁਕਾਬਲੇ ਤੋਂ ਬਚਾਉਣ ਲਈ ਟੈਰਿਫ ਲਗਾਉਂਦੇ ਹਨ। 10 ਫੀਸਦ ਬੇਸਲਾਈਨ ਟੈਰਿਫ ਦਾ ਮਤਲਬ ਹੈ ਕਿ 10 ਡਾਲਰ ਮੁੱਲ ਦੇ ਉਤਪਾਦ 'ਤੇ 1 ਡਾਲਰ ਟੈਕਸ ਲਗਾਇਆ ਜਾਵੇਗਾ, ਜਿਸ ਨਾਲ ਬਰਾਮਦਗੀ ਦੀ ਕੁੱਲ ਲਾਗਤ 11 ਡਾਲਰ ਹੋ ਜਾਵੇਗੀ। ਅਮਰੀਕਾ ਵਿੱਚ ਵਿਦੇਸ਼ੀ ਸਮਾਨ ਬਰਾਮਦ ਕਰਨ ਵਾਲੀਆਂ ਕੰਪਨੀਆਂ ਨੂੰ ਇਹ ਟੈਕਸ ਸਰਕਾਰ ਨੂੰ ਦੇਣਾ ਪੈਂਦਾ ਹੈ। ਕੰਪਨੀਆਂ ਇਸ ਵਾਧੂ ਲਾਗਤ ਦਾ ਕੁਝ ਜਾਂ ਸਾਰਾ ਬੋਝ ਗਾਹਕਾਂ @ਤੇ ਪਾ ਸਕਦੀਆਂ ਹਨ। ਇਸ ਤੋਂ ਇਲਾਵਾ, ਉਹ ਘੱਟ ਸਮਾਨ ਬਰਾਮਦ ਕਰਨ ਦਾ ਫ਼ੈਸਲਾ ਵੀ ਕਰ ਸਕਦੀਆਂ ਹਨ। ਡੌਨਲਡ ਟਰੰਪ ਦਾ ਕਹਿਣਾ ਹੈ ਕਿ ਜੇਕਰ ਕੋਈ ਦੇਸ਼ ਅਮਰੀਕੀ ਸਮਾਨ 'ਤੇ ਉੱਚ ਬਰਾਮਦਗੀ ਡਿਊਟੀ ਲਗਾਉਂਦਾ ਹੈ ਤਾਂ ਅਮਰੀਕਾ ਉਸ ਦੇਸ਼ ਤੋਂ ਆਉਣ ਵਾਲੀਆਂ ਚੀਜ਼ਾਂ 'ਤੇ ਵੀ ਉੱਚ ਟੈਰਿਫ ਲਗਾਏਗਾ। ਟਰੰਪ ਨੇ ਇਸ ਨੂੰ 'ਰੇਸੀਪ੍ਰੋਕਲ ਟੈਰਿਫ' ਕਿਹਾ ਹੈ।

# ਹਫ਼ਤਾਵਾਰੀ ਪ੍ਰੀਤਨਾਮਾ

**Weekly Preetnama**

www.preetnama.com
+1 (201) 312-4180

**PRITPAL KAUR**
Editor-In-Chief
**+1 201-312-4180**
**+1 917-328-8436**





**ADVISORY BOARD**

Joga Singh
Jaswinder Singh New Jersey
Mindi Manak NewYork
Jagjit Singh Dasuya
Gurmeet Singh Dhalwan Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar (Bhagata Bhaika) Vancouver,

Sunil Kumar Gund (Journalist) India
Raj Rani Video editor
Jagmeet Kaur 97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**


# ਆਇਆ ਸਾਵਣ, ਦਿਲ ਪਰਚਾਵਣ...

ਜੇਠ-ਹਾੜ ਦੇ ਅੱਗ ਵਰਸਾਉਂਦੇ ਮਹੀਨਿਆਂ ਤੋਂ ਬਾਅਦ ਸਾਉਣ ਦਾ ਮਹੀਨਾ ਚੜ੍ਹਦਾ ਹੈ। ਜਿਉਂ ਹੀ ਕਾਲੀਆਂ ਘਟਾਵਾਂ ਚੜ੍ਹ ਆਉਂਦੀਆਂ ਹਨ, ਚਾਰੇ ਪਾਸੇ ਕਿਣਮਿਣ ਕਣੀਆਂ ਛਹਿਬਰ ਲਾ ਦਿੰਦੀਆਂ ਹਨ। ਤਦ ਇੰਝ ਜਾਪਦਾ ਹੈ, ਜਿਵੇਂ ਭੱਠ ਵਾਂਗੂ ਤਪੀ ਧਰਤੀ ਵੀ ਪੈਂਦੇ ਸਾਉਣ ਦੇ ਛਰਾਟਿਆਂ ਨੂੰ ਦਿਲ ਖੋਲ੍ਹ ਕੇ 'ਜੀ ਆਇਆਂ ਨੂੰ' ਆਖ ਰਹੀ ਹੋਵੇ। ਇਨ੍ਹੀਂ ਦਿਨੀਂ ਪਸ਼ੂ, ਪੰਛੀਆਂ, ਫ਼ਸਲਾਂ, ਰੁੱਖਾਂ, ਫੁੱਲ ਬੂਟਿਆਂ ਵਿੱਚ ਇੱਕ ਨਵੀਂ ਰੰਗਤ, ਖ਼ੂਬਸੂਰਤੀ, ਮਸਤੀ ਅਤੇ ਅੰਗੜਾਈ ਭਰ ਜਾਂਦੀ ਹੈ। ਅਜਿਹੇ ਖ਼ੂਬਸੂਰਤ ਅਤੇ ਰੰਗੀਨ ਮਾਹੌਲ ਵਿੱਚ ਕੁੜੀਆਂ ਚਿੜੀਆਂ, ਮੁਟਿਆਰਾਂ ਅਤੇ ਵਿਆਹੀਆਂ ਵਰ੍ਹੀਆਂ ਸੁਆਣੀਆਂ ਭਲਾਂ ਕਿਵੇਂ ਪਿੱਛੇ ਰਹਿ ਸਕਦੀਆਂ ਹਨ।

ਸਾਉਣ ਮਹੀਨੇ ਦੀ ਤੀਜ ਤੋਂ ਤੀਆਂ ਦੇ ਤਿਉਹਾਰ ਦੀ ਆਰੰਭਤਾ ਹੋ ਜਾਂਦੀ ਹੈ। ਸਾਉਣ ਮਹੀਨੇ ਦੇ ਸ਼ੁਰੂ ਵਿੱਚ ਆਉਂਦਾ ਤੀਆਂ ਦਾ ਤਿਉਹਾਰ ਅਸਲ ਵਿੱਚ ਧੀਆਂ ਦਾ ਤਿਉਹਾਰ ਹੈ ਜੋ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਬੜੀ ਸ਼ਾਨੋ ਸ਼ੌਕਤ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਸਾਉਣ ਦੇ ਮਹੀਨੇ ਦੇ ਆਰੰਭ ਵਿੱਚ ਆਉਣ ਕਾਰਨ ਇਸ ਨੂੰ 'ਸਾਵਿਆਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ - "ਸਾਵਨ ਸੁਦੀ 3 ਦਾ ਤਿਉਹਾਰ, ਜਿਸ ਨੂੰ ਖ਼ਾਸ ਕਰਕੇ ਕਿਸ਼ੋਰੀਆਂ, ਮੁਟਿਆਰਾਂ, ਸੱਜ ਵਿਆਹੀਆਂ ਵਹੁਟੀਆਂ, ਇਸਤਰੀਆਂ ਮਨਾਉਂਦੀਆਂ ਹਨ। ਉਹ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਹਨ, ਨੱਚਦੀਆਂ ਟੱਪਦੀਆਂ ਬੋਲੀਆਂ ਪਾਉਂਦੀਆਂ ਗੀਤ ਗਾਉਂਦੀਆਂ ਹਨ। ਤੀਜ ਤਿਥਿ ਅਤੇ ਤਿੰਨ ਦਿਨ ਉਤਸਵ ਰਹਿਣ ਕਰਕੇ ਤੀਆਂ ਸੰਗਯਾ ਹੈ।" ਸੰਸਕ੍ਰਿਤ ਗ੍ਰੰਥਾਂ ਵਿੱਚ ਇਸ ਦਾ ਨਾਉਂ 'ਗੌਰੀ ਤ੍ਰਿਤੀਯਾ' ਹੈ।

ਸਾਉਣ ਦੇ ਮਹੀਨੇ ਵਿਆਹੀਆਂ ਮੁਟਿਆਰਾਂ ਨੂੰ ਉਨ੍ਹਾਂ ਦੇ ਵੀਰ ਉਨ੍ਹਾਂ ਨੂੰ ਸਹੁਰਿਆਂ ਤੋਂ ਲੈਣ ਜਾਂਦੇ ਹਨ। ਉੱਧਰ ਭੈਣਾਂ ਵੀ ਆਪਣੇ ਪੇਕੇ ਪਿੰਡ ਦਾ ਰਾਹ ਵੇਖਦੀਆਂ ਔਸੀਆਂ ਪਾਉਂਦੀਆਂ ਹਨ। ਕੋਠੇ ਤੋਂ ਕਾਂ ਉਡਾਉਂਦੀਆਂ ਹਨ। ਪਾਣੀ ਦੀਆਂ ਲਹਿਰਾਂ ਅਤੇ ਚੰਦ ਦੀਆਂ ਰਿਸ਼ਮਾਂ ਰਾਹੀਂ ਆਪਣੇ ਵੀਰ ਨੂੰ ਬੁਲਾਉਂਦੀਆਂ ਰਹਿੰਦੀਆਂ ਹਨ;

**ਔਸੀ ਮਾਤਾ ਰਾਹ ਦੇਹ**
**ਰਾਹ ਦੇਹ ਜਾਂ ਥਾਹ ਦੇਹ।**

***

**ਉੱਡ ਉੱਡ ਕਾਵਾਂ, ਕੁੱਟ ਚੂਰੀ ਪਾਵਾਂ**
**ਜੇ ਮੇਰਾ ਵੀਰਨ ਆਉਂਦਾ ਹੋਵੇ !**

ਜੇਕਰ ਭੈਣ ਨੂੰ ਦੂਰ ਰਾਹਾਂ ਵਿੱਚ ਮਿੱਟੀ ਦੀ ਧੂੜ ਜਾਂ ਗਰਦ ਉੱਡਦੀ ਦਿਖਾਈ ਦੇ ਜਾਵੇ, ਪ੍ਰੰਤੂ ਵੀਰੇ ਦਾ ਬੋਤਾ ਨਜ਼ਰੀਂ ਨਾ ਪਵੇ। ਤਦ ਭੈਣ ਦੇ ਮਨ ਨੂੰ ਬੜੀ ਬੇਚੈਨੀ ਲੱਗ ਜਾਂਦੀ ਹੈ। ਉਹ ਬੜੀ ਕਾਹਲੀ ਪੈ ਜਾਂਦੀ ਹੈ। ਆਪ ਮੁਹਾਰੇ ਉਸ ਦੇ ਬੁੱਲ੍ਹਾਂ 'ਤੇ ਇਹ ਬੋਲ ਆ ਜਾਂਦੇ ਹਨ;

ਬੋਤਾ ਵੀਰੇ ਦਾ ਨਜ਼ਰ ਨਾ ਆਵੇ
ਉੱਡਦੀ ਧੂੜ ਦਿੱਸੇ।

ਜਦੋਂ ਸੌਣ ਦੀਆਂ ਕਾਲੀਆਂ ਘਟਾਵਾਂ ਚੜ੍ਹ-ਚੜ੍ਹ ਆ ਰਹੀਆਂ ਹੋਣ। ਅਜਿਹੇ ਖ਼ੂਬਸੂਰਤ ਮੌਸਮ ਵਿੱਚ ਜੇਕਰ ਦੂਰੋਂ ਬੋਤਾ ਆਉਂਦਾ ਦਿਖਾਈ ਦੇ ਜਾਵੇ ਤਾਂ ਭੈਣ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ;

**ਬੋਤਾ ਮੇਰੇ ਵੀਰਨੇ ਦਾ**
**ਜਿਉਂ ਕਾਲੀਆਂ ਘਟਾਵਾਂ ਵਿੱਚ ਬਗਲਾ।**

ਭੈਣ ਜਦੋਂ ਆਪਣੇ ਵੀਰੇ ਦਾ ਬੋਤਾ ਵੇਖ ਲੈਂਦੀ ਹੈ ਤਾਂ ਉਸ ਦੀ ਚਾਲ ਈ ਬਦਲ ਜਾਂਦੀ ਹੈ। ਉਸ ਵਿੱਚ ਠਰ੍ਹੰਮਾ ਅਤੇ ਤਾਣ ਵਧ ਜਾਂਦਾ ਹੈ;

**ਜਦੋਂ ਦੇਖਿਆ ਵੀਰ ਦਾ ਬੋਤਾ**
**ਮੱਲ ਵਾਂਗੂ ਪੱਬ ਚੱਕਦੀ।**

***

**ਮੁੰਨੀਆਂ ਰੰਗੀਨ ਗੱਡੀਆਂ**
**ਬੋਤਾ ਬੰਨ੍ਹ ਦੇ ਸਰਵਣਾ ਵੀਰਾ।**

ਭੈਣ ਆਪਣੇ ਵੀਰ ਲਈ ਹਾਰੇ ਵਿੱਚ ਧਰੀ ਦੁੱਧ ਦੀ ਕਾੜ੍ਹਨੀ ਵਿੱਚੋਂ ਸਣੇ ਮਲਾਈ ਦੁੱਧ ਦਾ ਛੰਨਾ ਭਰਦੀ ਹੈ, ਪ੍ਰੰਤੂ ਵੀਰ ਦੀ ਟਹਿਲ ਸੇਵਾ ਕਰਨ ਤੋਂ ਪਹਿਲਾਂ ਉਸ ਬੋਤੇ ਦੀ ਖ਼ ?ਦਮਤ ਕਰਨੀ ਹੋਰ ਵੀ ਵਧੇਰੇ ਜ਼ਰੂਰੀ ਹੁੰਦੀ ਹੈ, ਜਿਹੜਾ ਉਸ ਦੇ ਮਾਂ ਜਾਏ ਨੂੰ ਇੰਨੀਂ ਦੂਰੋਂ ਉਸ ਦੇ ਸਹੁਰੇ ਘਰ ਤੱਕ ਲੈ ਕੇ ਆਇਆ ਹੈ। ਇਸੇ ਲਈ ਤਾਂ ਉਹ ਬੋਤੇ ਦੀ ਮਨਪਸੰਦ ਖ਼ੁਰਾਕ ਗੁਆਰੇ ਦੀਆਂ ਫਲੀਆਂ ਦਾ ਪਹਿਲਾਂ ਤੋਂ ਹੀ ਪ੍ਰਬੰਧ ਕਰ ਕੇ ਰੱਖਦੀ ਹੈ;

**ਤੈਨੂੰ ਵੀਰਾ ਦੁੱਧ ਦਾ ਛੰਨਾ**
**ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ।**

ਦੂਜੇ ਪਾਸੇ ਉਹਦਾ ਵੀਰ ਬੋਤਾ ਬੰਨ੍ਹਣ ਤੋਂ ਪਹਿਲਾਂ ਆਪਣੀ ਮਾਂ ਜਾਈ ਭੈਣ ਨੂੰ ਮੱਥਾ ਟੇਕਣਾ, ਸਹੁਰੇ ਘਰ ਦੇ ਮੈਂਬਰਾਂ ਦੀ ਸੁੱਖ ਸਾਂਦ ਪੁੱਛਣੀ ਅਤੇ ਦੱਸਣੀ ਬਹੁਤ ਜ਼ਰੂਰੀ ਸਮਝਦਾ ਹੈ। ਇਸ ਲਈ ਉਹ ਬੋਤੇ ਦੀ ਮੁਹਾਰ ਨੂੰ ਜਿੱਥੇ ਕਿਤੇ ਵੀ ਉਸ ਨੂੰ ਥਾਂ ਲੱਭਦਾ ਹੈ, ਉੱਥੇ ਅੜਕਾ ਦਿੰਦਾ ਹੈ। ਪਹਿਲਾਂ ਵੱਡੀ ਭੈਣ ਨੂੰ ਮੱਥਾ ਟੇਕਣ ਦੀ ਰਸਮ ਪੂਰੀ ਕਰਦਾ ਹੈ;

**ਬੋਤਾ ਭੈਣੇ ਫੇਰ ਬੰਨ੍ਹ ਲੂੰ**
**ਮੱਥਾ ਟੇਕਦਾਂ ਅੰਮੀ ਦੀਏ ਜਾਈਏ।**

ਵੀਰ ਦੀ ਆਮਦ ਨਾਲ ਚਾਵਾਂ ਨਾਲ ਭਰੀ ਭੈਣ ਆਪਣੇ ਵੀਰੇ ਲਈ ਸਣੇ ਮਲਾਈ ਦੁੱਧ ਦਾ ਛੰਨਾ ਲਾਹ ਕੇ ਉਸ ਨੂੰ ਪਿਆਉਣ ਲਈ ਚੁਬਾਰੇ ਵਿੱਚ ਲੈ ਜਾਂਦੀ ਹੈ। ਫੂਕਾਂ ਮਾਰ-ਮਾਰ ਤੱਤਾ ਦੁੱਧ ਪੀਂਦੇ ਵੀਰ ਨੂੰ ਉਹ ਪੇਕੇ ਘਰ ਦੇ ਸੁੱਖ ਸੁਨੇਹੇ ਪੁੱਛਣ ਦੀ ਲੜੀ ਤੋਰ ਲੈਂਦੀ ਹੈ: 'ਗੁਰਨਾਮੋ ਦਾ ਕੀ ਹਾਲ ਐ ? ਲੰਬੜਾਂ ਦੀ ਬਹੂ ਨੂੰ ਹਾਲੇ ਉਸ ਦੇ ਪੇਕਿਆਂ ਤੋਂ ਲੈਣ ਤਾਂ ਨੀਂ ਆਏ ? ਮੇਰਾ ਉਸ ਨੂੰ ਮਿਲਣ ਨੂੰ ਬੜਾ ਚਿੱਤ ਕਰਦੈ। ਸ਼ਿੰਦਰ ਦਾ ਵਿਆਹ ਕਦੋਂ ਦਾ ਰੱਖਿਐ ?'

ਇਸ ਤਰ੍ਹਾਂ ਦੇ ਭਿੰਨ-ਭਿੰਨ ਪ੍ਰਸ਼ਨਾਂ ਦੇ ਕਈ ਸਰਦੇ ਬਣਦੇ ਉੱਤਰ ਵੀਰ ਦੇਈਂ ਜਾਂਦਾ ਹੈ। ਬਾਕੀ ਘਰਦਿਆਂ ਦਾ ਹਾਲ ਚਾਲ ਪੁੱਛਣ ਉਪਰੰਤ ਭੈਣ ਆਪਣੇ ਵੀਰ ਦਾ, ਉਸ ਦੀ ਵਹੁਟੀ ਅਤੇ ਭਤੀਜੇ ਦਾ ਹਾਲ ਚਾਲ ਪੁੱਛਣ ਦੀ ਵਾਰੀ ਆ ਜਾਂਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਦੀ ਯਾਦ ਤਾਜ਼ਾ ਰੱਖਣ ਲਈ ਇਨ੍ਹਾਂ ਨੂੰ ਖ਼ੂਬਸੂਰਤ ਗੀਤਾਂ ਵਿੱਚ ਬੰਨ੍ਹ ਕੇ ਰੱਖਿਆ ਹੋਇਆ ਹੈ;

**ਸਾਵਣ ਆਇਆ ਨੀਂ ਸੱਸੀਏ**
**ਸਾਵਣ ਆਇਆ।**
**ਇੱਕ ਤਾਂ ਆਇਆ**
**ਮੇਰਾ ਅੰਮੀ ਦਾ ਜਾਇਆ।**
**ਚੜ੍ਹਦੇ ਸਾਵਣ ਮੇਰਾ ਵੀਰ ਨੀਂ ਆਇਆ।**
**ਆ ਜਾ ਵੀਰਾ ਚੜ੍ਹ ਉੱਚੀ ਅਟਾਰੀ**
**ਮੇਰੇ ਕਾਨ੍ਹ ਉਸਾਰੀ।**
**ਦੇ ਜਾ ਵੀਰਾ ਮੇਰੀ ਮਾਂ ਦੇ ਸੁਨੇਹੜੇ।**
**ਮਾਂ ਤਾਂ ਤੇਰੀ ਭੈਣੇ ਪਲੰਘੇ ਬਿਠਾਈ**
**ਪਲੰਘੋਂ ਪੀੜੇ ਬਿਠਾਈ।**
**ਸਾਥ ਅਟੇਰਨ ਸੂਹੀ ਰੰਗਲੀ ਰਾਮ।**
**ਆ ਵੇ ਵੀਰਾ ਚੜ੍ਹੀਏ ਉੱਚੀ ਅਟਾਰੀ**
**ਮੇਰੇ ਕਾਨ੍ਹ ਉਸਾਰੀ।**
**ਮੇਰੀ ਭਾਬੋ ਦੇ ਸੁਨੇਹੜੇ ਰਾਮ।**
**ਭਾਬੋ ਤਾਂ ਤੇਰੀ ਬੀਬਾ ਗੀਗੜਾ ਜਾਇਆ,**
**ਨੀਂ ਤੇਰਾ ਭਤੀਜੜਾ ਜਾਇਆ**
**ਉੱਠਦੀ ਬਹਿੰਦੀ ਦਿੰਦੀ ਲੋਰੀਆਂ ਰਾਮ।**

ਖੇਤੀਬਾੜੀ ਦੇ ਕੰਮ ਧੰਦੇ, ਕਿਸੇ ਬਿਮਾਰੀ ਕਾਰਨ ਜਾਂ ਕਿਸੇ ਹੋਰ ਬਹੁਤ ਜ਼ਰੂਰੀ ਰੁਝੇਵੇਂ ਕਾਰਨ ਤੀਆਂ ਦੇ ਦਿਨੀਂ ਜੇ ਕਿਸੇ ਭੈਣ ਦਾ ਵੀਰ ਉਹਦੇ ਪੇਕਿਆਂ ਤੋਂ ਨਾ ਆ ਸਕੇ ਤਾਂ ਝੱਟ ਤਾਹਨੇ ਮਿਹਣੇ ਮਿਲਣ ਲੱਗ ਜਾਂਦੇ ਹਨ;

**ਬਹੁਤਿਆਂ ਭਰਾਵਾਂ ਵਾਲੀਏ**
**ਤੈਨੂੰ ਤੀਆਂ 'ਚ ਲੈਣ ਨਹੀਂ ਆਏ।**
**ਤੈਨੂੰ ਡਰਦੇ ਲੈਣ ਨਹੀਂ ਆਏ**
**ਬਹੁਤਿਆਂ ਭਰਾਵਾਂ ਵਾਲੀਏ।**

ਇਸ ਪ੍ਰਕਾਰ ਦੇ ਮਿਲਦੇ ਤਾਹਨੇ ਮਿਹਣੇ ਵੀਰ ਦੀ ਉਡੀਕ ਵਿੱਚ ਤੀਬਰਤਾ ਦਾ ਹੋਰ ਗੂੜ੍ਹਾ ਰੰਗ ਘੋਲ ਦਿੰਦੇ ਹਨ। ਭਾਵੇਂ ਸੱਸ ਨੂੰ ਇਸ ਦਾ ਜਵਾਬ ਦੇਣਾ ਹੀ ਪੈਂਦਾ ਹੈ;

**ਸੱਸੇ ਬਘਿਆੜ ਮੂੰਹੀਏਂ**
**ਤੈਥੋਂ ਡਰਦੇ ਲੈਣ ਨਹੀਂ ਆਏ।**
**ਪ੍ਰੰਤੂ ਵੀਰ ਦੇ ਆਉਣ ਦੀ ਉਡੀਕ ਹੋਰ ਵਧੇਰੇ ਟੁੰਬੀ ਜਾਂਦੀ ਹੈ;**
**ਵੀਰ ਮੇਰਿਆ ਅੰਮਾਂ ਦਿਆ ਜਾਇਆ**
**ਤੈਨੂੰ ਦੇਖੇ ਚੰਦ ਚੜ੍ਹਦਾ।**
**ਕੇਰਾਂ ਆ ਵੇ ਭੈਣ ਦੇ ਵਿਹੜੇ**
**ਤੈਨੂੰ ਦੇਖੇ ਚੰਦ ਚੜ੍ਹਦਾ।**

ਇਸ ਪ੍ਰਕਾਰ ਭੈਣਾਂ ਆਪਣੇ ਵੀਰ ਦੇ ਆਉਣ ਦੀ ਬੜੀ ਸ਼ਿੱਦਤ ਅਤੇ ਬੇਸਬਰੀ ਨਾਲ ਉਡੀਕ ਕਰਦੀਆਂ ਹਨ, ਪ੍ਰੰਤੂ ਜਿਨ੍ਹਾਂ ਭੈਣਾਂ ਦੇ ਸਕੇ ਵੀਰ ਨਹੀਂ ਹੁੰਦੇ, ਉਹ ਇਨ੍ਹਾਂ ਦਿਨਾਂ ਦੇ ਕੋਮਲ ਭਾਵਾਂ ਵਿੱਚ ਵੀਰ ਦੀ ਅਣਹੋਂਦ ਦੇ ਡੂੰਘੇ ਸੱਲ੍ਹ ਵੀ ਕੋਮਲ ਹਿਰਦਿਆਂ ਉੱਤੇ ਸਹਾਰਦੀਆਂ ਹਨ।




Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 314
Website: www.preetnama.com Email preetnamausa@gmail.com
01 TO 07 AUGUST , 2025

# ट्रम्प के टेरिफ वार पर जग हंसाई, वैश्विक विरोध बढ़ेगा

**एडवोकेट किशन सनमुखदास भावनानीं**

वैश्विक स्तरपर पूरी दुनियाँ जानती है कि अमेरिका के राष्ट्रपति डोनाल्ड ट्रंप द्वारा अमेरिकी फर्स्ट, टैरिफ, मेक अमेरिका ग्रेट अगेन,गैरकानूनी अप्रवासियों का मुद्दा सहित अनेको वादे किए थे जिन्हें पूरा करने के लिए वह हद से अधिक स्पीड से भिड़ गए हैं, परंतु में जल्दबाजी से कोई भी काम करना हानिकारक हो सकता है, इसपर भारत में कई कहावतें हैं, जैसे जल्दबाजी का काम शैतानी कम, धैर्य रखो सहित अनेकों कहावतें हैं। आज हम इस विषय पर चर्चा इसलिए कर रहे हैं क्योंकि ट्रंप जब से चुनकर आए हैं,अपने चुनावी वादे बहुत जल्दबाज़ी से लागू करने उमड़ पड़े हैं, जबकि मैं एडवोकेट किशन सनमुखदास भावनानीं गोंदिया महाराष्ट्र मानता हूं के किसी भी काम, वादों, उम्मीदों को पूरा करने धैर्य से व संकल्प के साथ रणनीतिक रूप से काम करने कीजरूरत है, ताकि उसके दूरगामी सकारात्मक परिणाम देखने को मिले। मेरे विचार में शायद ट्रंप साहब इस जल्दबाजी में ही काम कर रहे हैं, जिसका सटीक उदाहरण यह है कि जिस तरह वह निर्णय लेकर फिर उन्हें खारिज करना,या उन्हेंएक्सटेंशन देना एक बारगेनिंग नीति की और बढ़ रहे हैं, अफ्रीकी पांच देशों के के साथ सम्मेलन में व्यवहार, अनेक आर्थिक मजबूत देशों से व्यवहार सहित अनेक मुद्दों पर दबावतंत्र व दादागिरी का आभास हो रहा है,कि पूरी दुनियाँ से एक तरह से दुश्मनी की ओर पग बढ़ा रहे हैं। क्योंकि वह अपने घरेलू यूरोपीय यूनियन पर भी टैरिफ लगाकर, चीन पर 145 पर्सेंट टैक्स लगाकर फिर पीछे हटना, सभी को टैरिफ का अल्टीमेटम देकर दबाव बनाना उचित नहीं है, इस बात का संयुक्त वक्तव्य ब्रिक्स सम्मेलन में भी दिया गया था। चूँकि ट्रंप जब से राष्ट्रपति बने हैं अपनी नीतियों, बयानों से सुर्खियों में रहे हैं, इसलिए आज हम मीडिया में उपलब्ध जानकारी के सहयोग से इस आर्टिकल के माध्यम से चर्चा करेंगे, ट्रंप के टैरिफ वार पर जग हंसाई- दुनियाँ से दुश्मनी की



नौबत आई?-नोबेल शांति पुरस्कार पाने की चांस घटाई?साथियों बात अगर हम 12 जुलाई 2025 को मेक्सिको व यूरोपीय यूनियन पर 30 पेर्सेंट टैरिफ़ 1 अगस्त 2025 से लागू करने की घोषणा करने की करें तो,उन्होंने इस संबंध में मैक्सिको और यूरोपीय संघ को लिखे पत्रों को अपने सोशल मीडिया हैंडल से शेयर करके जानकारी दी।ट्रंप के इस कदम से ट्रेड वॉर के और तीव्र होने की संभावना बढ़ गई है, खासकर ऐसे समय में जब यूरोपीय संघ अपने सहयोगी अमेरिका के साथ एक व्यापक व्यापार समझौते पर काम कर रहा है। 27 सदस्यीय यूरोपीय संघ को अब अमेरिकी बाजारों में भारी बाधाओं का सामना करना पड़ रहा है, ट्रंप की यह घोषणा इस सप्ताह की शुरुआत में जापान, साउथ कोरिया, कनाडा और ब्राजील से आने वाले सामानों पर टैरिफ में की गई बढ़ोतरी के बाद आई है।उन्होंने इन देशों से तांबे के आयात पर 50 प्रतिशत का भारी टैरिफ लगाया है।यूरोपियन यूनियन कमीशन की प्रेसिडेंट ने अमेरिकी राष्ट्रपति ट्रंप के फैसले पर कहा, यूरोपीय संघ के निर्यात पर 30 परसेंट टैरिफ अटलांटिक के दोनों ओर के व्यवसायों,उपभोक्ताओं और मरीजों को नुकसान पहुंचाएगा।हम 1 अगस्त तक समझौते की दिशा में काम करना जारी रखेंगे,साथ ही, हम 30 पेर्सेंट टैरिफ के इस फैसले पर उचित प्रक्रियात्मक कदम उठाने और यूरोपीय संघ के हितों की रक्षा के लिए तैयार हैं।इस चिट्ठी में कहा गया है कि मजबूत संबंधों के बावजूद, अमेरिका ने मैक्सिको के फेंटेनल संकट से निपटने के लिए उस पर टैरिफ लगाया है, इसके बारे में कहा गया कि यह आंशिक तौर पर मैक्सिको की तरफ से कार्टेल्स को रोकने में असफलता के कारण है,ट्रंप के अनुसार, मेक्सिको मुझे बॉर्डर सुरक्षित करने में मदद कर रहा है,लेकिन इस देश ने जो किया है वह काफी नहीं है,मेक्सिको ने अभी तक उन कार्टेल्सय को नहीं रोका है जो पूरे उत्तरी अमेरिका को नार्को-तस्करी के मैदान में बदलने की कोशिश कर रहे हैं. जाहिर है, मैं ऐसा नहीं होने दूंगा।अमेरिकी राष्ट्रयपति ट्रंप ने मैक्सिको और यूरोपियन यूनियन (ईयू) पर 30 फीसदी तक टैरिफ लगाने का ऐलान कर दिया है, इन देशों पर टैरिफ एक अगस्ति से लागू हो जाएगा, इससे पहले ट्रंप ने अमेरिका के सात छोटे व्यापारिक साझेदारों को टैरिफ की चिट्ठी भेजी है जिसमें फिलीपींस, ब्रुनेई, मोल्दोवा, अल्जीरिया, लीबिया, इराक और श्रीलंका जैसे देश शामिल हैं। साथियों बात अगर हम ब्राजील में दो दिवसीय ब्रिक्स शिखर सम्मेलन के संयुक्त वक्तव्य पर ट्रंप के नाराजगी वाले बयान की करें तो,एक संयुक्त वक्तव्य में पीएमसहित ब्रिक्स नेताओं ने कहा कि हम एकतरफा टैरिफ और गैर-टैरिफ उपायों के बढ़ने पर गंभीर चिंता व्यक्त करते हैं, जो व्यापार को विकृत करते हैं और डब्ल्यूटीओ के नियमों के अनुरूप नहीं हैं। बयान में वैश्विक व्यापार में टैरिफ के बढ़ते उपयोग का भी उल्लेख किया गया। हालांकि इस दौरान नाम नहीं लिया गया, लेकिन सभी जानते हैं कि बात अमेरिका की हो रही है।इसके अलावा ब्रिक्स के साझा बयान में चेतावनी दी गई कि टैरिफ के निरंतर 'अंधाधुंध' उपयोग से वैश्विक व्यापार कम हो सकता है। इसके अलावा वैश्विक आपूर्ति श्रृंखला बाधित हो सकती है, तथा अंतर्राष्ट्रीय आर्थिक और व्यापारिक गतिविधियों में अनिश्चितता पैदा हो सकती है, जिससे मौजूदा आर्थिक असमानताएं और बढ़ सकती हैं। तेहरान अब इस संगठन का पूर्ण सदस्य है और यह अपरिहार्य था कि संयुक्त वक्तव्य में इजरायल के साथ सैन्य संघर्ष और अमेरिका द्वारा उसके परमाणु प्रतिष्ठानों पर बमबारी का उल्लेख किया गया। अब सवाल ये हैं कि आखिर क्यों ट्रंप ब्रिक्स को निशाना क्यों बना रहा है। इसको लेकर पश्चिम के अर्थशास्त्री और नीति विश्लेषक चाहे जो भी कहें, ऐसा प्रतीत होता है कि यह गुट अपने समर्थक जुटा रहा है और अमेरिका तथा अन्य पारंपरिक शक्तियों के लिए चुनौती के रूप में उभर रहा है। उदाहरण के लिए अंतर्राष्ट्रीय व्यापार के लिए पसंदीदा मुद्रा के रूप में डॉलर को हटाने की बात करने को बल1 दे रहा है।इसके अलावा नव-विकसित,विकासशील और अल्प-विकसित अर्थव्यवस्थाओं पर इसके बढ़ते प्रभाव के कारण अमेरिका और अन्य पश्चिमी देशों के लिए सौदे करते समय शर्तें तय करना कठिन हो गया है। ब्रिक्स की स्थापना 2009 में हुई थी, इथियोपिया, संयुक्त अरब अमीरात और ईरान तथा 2025 में इंडोनेशिया भी इसमें शामिल होंगे। 6 महीने पहले ब्रिक्स करेंसी को लेकर जब समूह के देशों ने बड़ा ऐलान किया था, और डॉलर को चुनौती देने की बात कही थी, तो उस दौरान भी ट्रंप ने गुस्सा जाहिर किया था। ट्रंप ने कहा था कि ऐसे देशों पर 100 फीसदी टैरिफ लगाया जाएगा। एक तरफ ट्रंप धमकियां दे रहे हैं तो दूसरी ओर उनकी धमकियों से ब्रिक्स देशों के बीच संबंध और ज्यादा मजबूत होते नजर आ रहे हैं। साथियों बात अगर हम अमेरिकी विदेश विभाग के 1300 से अधिक कर्मचारियों की छटनी की करें तो,अमेरिका में, संघीय कर्मचारियों की संख्या में कटौती करने के ट्रम्प प्रशासन के प्रयासों के तहत, विदेश विभाग के 1,000 से ज़्यादा कर्मचारियों को नौकरी से निकाल दिया गया है। स्थानीय मीडिया के अनुसार, अनैच्छिक रूप से की गई इस छंटनी में 1,107 सिविल सेवा और 246 विदेश सेवा के कर्मचारी शामिल हैं।इसमें यह भी कहा गया है कि अमेरिकी शरणार्थी प्रवेश कार्यालय के लगभग सभी सिविल सेवा कर्मचारियों की छंटनी कर दी गई है। संघीय सरकार के व्यापक पुनर्गठन प्रयास के तहत, इस साल की शुरुआत में 1,500 से ज़्यादा विदेश विभाग के कर्मचारियों ने स्वेच्छा से नौकरी छोड़ दी थी। यह छंटनी सुप्रीम कोर्ट के उस फैसले के कुछ ही दिनों बाद हुई है जिसमें कहा गया था कि ट्रम्प प्रशासन की संघीय कर्मचारियों की संख्या में कटौती की योजना आगे बढ़ सकती है।अमेरिका में संघीय सरकार में छंटनी को सुप्रीम कोर्ट में भी चुनौती दी गई थी, लेकिन सुप्रीम कोर्ट ने भी छंटनी जारी रखने के पक्ष में फैसला सुनाया।

# खांसी जुकाम नहीं हो रहा ठीक तो करें ये उपचार



छोटे बच्चों में मौसम बदलते ही सर्दी, खांसी-जुकाम का होना आम बात है। सर्दियों का मौसम है ऐसे में बच्चों को अधिक देखभाल की जरुरत है क्योंकि हर साल बहुत सारे बच्चे कमजोर होने की वजह से सर्दी खांसी से पीड़ित हो जाते हैं। नवजात बच्चों को तो विशेष देखभाल की जरुरत रहती है। इसका कारण है कि इनकी त्वचा बहुत कोमल होती हैं इसलिए दूषित हवा, सतह या किसी संक्रमित व्यक्ति की समीपता के कारण वह जल्दी ही रोगाणुओं के संपर्क में आ जाते हैं। ऐसे में बच्चे और मां-दोनों के लिए परेशानी खड़ी हो जाती है। आम तौर पर डॉक्टर छह साल से कम आयु के बच्चे को सर्दी खांसी की दवाइयां न देने का परामर्श देते हैं क्योंकि इन दवाइयों के कई साइड इफेक्ट भी होते हैं। ऐसे में घरेलू उपचार बच्चों को सर्दी-खांसी में राहत पहुंचा सकते हैं इसके लिए जरुरी सामान भी रसोईघ्रर में ही उपलब्ध रहता है हालांकि अगर बच्चा 3 माह से छोटा है और बुखार से पीड़ित है तो अपने डाक्टर से जरूर परामर्श ले ले।

बच्चों को सर्दी-खांसी हो तो करें ये उपाय

स्पंज-स्नान:छोटे बच्चे का बुखार कम करने और शरीर के तापमान को नॉर्मल करने के लिए उन्हें दिन में 2 से 3 बार ठंडे पानी से अथवा स्पंज-स्नान करवाएं। स्पंज को कमरे के तापमान के बराबर-तापमान वाले पानी में भिगोकर उसका अतिरिक्त पानी निचोड़ लें और फिर बच्चे के तापमान को कम करने के लिए उसके हाथ-पैर, कांख एवं उसके कमर से नीचे के हिस्से को पोंछे। आप बच्चे के माथे पर गीली पट्टियां भी रख सकते हैं। गीली पट्टियों को कुछ-एक मिनटों के अंतराल पर बदलते रहें। ध्यान रहें कि अत्यधिक ठंडे पानी का इस्तेमाल न करें। यह शरीर के आंतरिक तापमान को बढ़ा सकता है।

नींबू:एक कढ़ाई में 4 नींबू का रस उसके छिलके और एक चम्मच अदरक की फांके लें। इसमें पानी डालें ताकि सारा सामान पानी इसमें डूब जाए। इस मिश्रण को 10 मिनट तक काढ़े। फिर बाद में पानी को अलग कर लें। अब इस तरल पेय में उतनी ही मात्र में गर्म-पानी तथा स्वाद के लिए शहद मिलाएं। बच्चों को दिन में 3-4 बार पीने को दें। ध्यान दें कि एक-वर्ष से कम आयु के बच्चों के लिए चीनी के स्थान पर शहद मिलाएं।

शहद:एक साल या उससे छोटी उम्र का बच्चा अगर सर्दी जुकाम से पीड़ित है तो शहद उसका सुरक्षित उपचार है। एक चम्मच नींबू के रस में 2 चम्मच कच्चा शहद मिला लें।

**अदरक:**

6 कप पानी में आधा कप बारीक कटे हुए अदरक की फांके और दालचीनी के 2 छोटे टुकड़ों को 20 मिनट तक धीमी आंच पर पकाएं। बाद में इसे छान लें और चीनी या शहद के साथ मिलाकर दिन में 3 से 4 बार बच्चे को पिलाएं। एक साल से कम आयु के बच्चों को बराबर मात्रा में गर्म-पानी मिलाकर पिलाएं।

**सेब का सिरका:**

एक हिस्सा सेब का सिरका और 2 हिस्से ठंडा पानी मिलाकर उसमें 2 पट्टियां भिगोएं। फिर उन्हें निचोड़कर एक को माथे पर और दूसरा पेट पर रखें। 10-10 मिनट के बाद पट्टियां बदलते रहें। इस प्रक्रिया को बुखार कम होने तक दोहराएं ।

**8 दूध:** मां का दूध बच्चे के लिए अति महत्वपूर्ण है, खासकर जब वे बीमार हों यह उन्हें अदभुत संतुलित पोषक-तत्वों की श्रृंखला प्रदान करता है जो उन्हें संक्रमण से लड़ने और शीघ्र स्वस्थ होने में सहायता करते हैं। 6 माह से कम आयु के शिशुओं को, सर्दी-खांसी से निजात दिलवाने के लिए, स्तनपान कराना चाहिए।

**तरल पदार्थ:** आपके बच्चे को भरपूर तरल-पदार्थ मिलें नहीं तो वह पानी की कमी (निर्जलीकरण) का शिकार हो सकता है, जिससे समस्या अधिक गंभीर हो सकती है।

2-3 घंटे बाद बच्चे को थोड़ा थोड़ा पिलाएं। एक गिलास गर्म-दूध, शहद मिलाकर पीने से सूखी खांसी एवं सीने के दर्द में राहत मिलती है।

**चिकन का सूप:**

एक वर्ष से कम आयु के बच्चों के लिए गर्म चिकन का सूप भी एक अच्छा विकल्प है। यह हल्का एवं पोषक होता है, तथा छाती जमने और नाक बंद होने से छुटकारा दिलाता है। इसमें उपस्थित एंटीऑक्सीडेंट ठीक होने की प्रक्रिया को अधिक तेज कर देते हैं। आप दिन में दो से तीन बार यह बच्चों को सूप दे सकते हैं। **संतरा:**संतरे में मौजूद विटामिन-सी सफेद रक्त कोशिकाओं का निर्माण बढ़ाने में सहायक है। यही कोशिकाएं सर्दी-जुकाम के रोगाणुओं से लडती है। संतरा प्रतिरक्षा-तंत्र को दृढ़ता प्रदान करके खासी, गले की दर्द और नाक बहने की समस्या में राहत पहुंचाता है। 2 वर्ष से कम उम्र के बच्चे को प्रतिदिन 1 से 2 गिलास संतरे का रस पिलाएं। इससे कम आयु के बच्चों को बराबर मात्रा में पानी मिलाकर नियमित अंतराल के बाद पिलाएं। बड़े बच्चों को, विटामिन-सी की खुराक अधिक करने के लिए, संतरे खाने को दिए जा सकते हैं।

# किशोर होते बच्चों का इस प्रकार रखें ध्यान



किशोर होते बच्चों का ध्यान रखते समय आपको विशेष सावधानियां बरतनी चाहिये। इसका कारण है कि अब आपका बच्चा बड़ा हो रहा है और अपने तरीके से रहना चाह रहा है। ऐसे में उसे सही और गलत की पहचाना कराने की जिम्मेदारी आपके पास है पर कई बार देखा गया है कि बचपन में समझदार और सुलझा हुआ हमारा बच्चा किशोर उम्र का होते-होते इतना अजीबो-गरीब व्यवहार करने लगता है।

आप कई बार सबकुछ संभालने की कोशिश करते हैं पर हालात आपके मुताबिक सुधर नहीं पाते। किशोर होते की उम्र में आपका बच्चा खुद को आजाद समझने लगता है। इस उम्र में बच्चे अपने खुद के निर्णय लेना चाहते हैं। आपको अगर अपने बच्चे के साथ बेहतर रिश्ता बनाना है तो आपको अपने बच्चे को ठीक से समझना होगा। उनकी भावनाओं को आपको ध्यान में रखना होगा। आपका बच्चा इस उम्र में खुद पर निर्भर होना चाहता है। ऐसे में आपको भी अपने बच्चे को थोड़ा समय देना चाहिए।

**बच्चों में अचानक आए बदलाव पर ऐसे नजर रखें**

इस उम्र में अक्सर ऐसा होता है कि बच्चे आपकी कोई भी सलाह नहीं लेना चाहते। ये बुरा जरूर लगता है पर इस वक्त आपको बड़ी समझदारी दिखानी होगी। अपने बच्चे को वक्त दें जब तक वो सही रास्ते पर है। अगर आपको लगे कि आपका बच्चा किसी गलत दिशा में जा रहा है तो तुरंत उसे सामने बिठाकर बात करिए। इस उम्र में बच्चे अपने खाने-पीने, कपड़े, दोस्तों से लेकर सोने का समय तक स्वयं तय करना चाहते है। ऐसे समय में अपने बच्चे को कुछ बातों के निर्णय खुद लेने दे। कुछ बातों पर उन्हें प्यार से समझाएं कि फैसले लेने में आपका साथ कितना जरूरी है। आपका बच्चा गलत आदतों का शिकार भी हो सकता है। उसे शराब, सिगरेट जैसी गलत आदत की लत भी लग सकती है। तो ऐसे में जरूरी है कि आप उन्हें आजादी तो दे पर मर्यादा के अंदर।

# बच्चे का नाम रखते समय कुछ बातों का रखें ध्यान

बच्चे का नाम रखते समय कुछ बातों का विशेष खयाल जरूर रखना चाहिए, जैसे नाम का अर्थ सकारात्मक हो नकारात्मक नहीं, नाम का बिगड़ा रूप नहीं होना चाहिए, नाम का उच्चारण शुद्ध रूप से होना चाहिए, नाम रखते समय भाषा का भी ध्यान रखना चाहिए आदि।

इसका कारण यह है कि बच्चों के नाम का उनके व्यक्तित्व को प्रभावित करने की बात का अलग अलग लोगों द्वारा अलग ढंग से सोच और वर्णन किया जाता है। कुछ लोगों का मानना है कि बच्चे का नाम, उसके मानसिक जीवन में महत्वपूर्ण भूमिका निभाता है। वहीं कुछ मनते हैं कि नाम और व्यक्तित्व के बीच किसी तरह के संबंध का विचार पूरी तरह से गलत और रूडिवादी सोच की उपज है।

शिशु के जन्म के साथ ही उसका नाम भी रख दिया जाता है। हर व्यक्ति उपने नाम से पहचाना जाता है। किसी भी बच्चे के जन्म के बाद उसका नाम रखना अपने आप में एक बड़ा कठिन काम होता है। लेकिन क्या आप जानते हैं कि बच्चे के नाम का प्रभाव उसके व्यक्तित्व पर भी पड़ता है।

धर्म और नामकरण-हर धर्म में अपनी रिति के अनुसार बच्चे के जन्म के बाद उसका एक नाम रखा जाता है। बच्चे का नाम उसकी केवल पहचान के लिए ही नहीं रखा जाता है। मनोविज्ञान एवं अक्षर-विज्ञान के जानकारों का मानना है कि नाम का प्रभाव व्यक्ति के स्थूल-सूक्ष्म व्यक्तित्व पर भी गहराई से पड़ता है। इसलिए नाम सोच और समझकर तो रखा ही जाना चाहिए, इसके साथ नाम रोशन करने वाले गुणों के विकास के प्रति भी जागरूक रहना जरूरी होचा है। वहीं अंक ज?योतिष कहता है कि जिस तरह मूलांक और भाग?यांक व?यक्ति के जीवन को प्रभावित करते हैं, उसी प्रकार नाम का भी उन पर काफी असर होता है। अंकशास्त्री बताते हैं कि नाम के पहले अक्षर का प्रभाव खास तौर से व्यक्तित्व और व्यवहार पर पड़ता है। नाम और व्यक्तित्व के बीच संबंध-हम सभी जानते हैं कि नाम पहचान के लिए रखा जाता है, लेकिन इसका एक इसका एक मनोवैज्ञानिक पहलू भी है। आप के बच्चे का नाम को सूक्ष्म तरीके से प्रभावित करता है। 2,000 ई.पू. में लोगों का भारी यकीन था कि नाम व्यक्तित्व को प्रभावित करता है। कुछ शोधकर्ताओं के अनुसार नाम और व्यक्ति के व्यक्तित्व के बीच एक असामान्य संबंध है। जबकि कुछ अध्ययनों से पता चला है कि जिन लोगों के नाम का पहला व आखिरी अक्षर समान होता है, वे समान व्यक्तित्व लक्षण वाले होते हैं।

सकारात्मक सोच-हमारे द्वारा उपयोग किये जाने वाले हर शब्द का एक अर्थ होता है, और नामों के लिए भी ये बात कोई अपवाद नहीं हैं। कुछ लोगों का मानना है कि किसी व्यक्ति का नाम उसके व्यक्तित्व का निरूपित करता है। इस अवधारणा को %सकारात्मक सोच की शक्ति% के समान माना जाता है। जब हम किसी व्यक्ति का नाम पुकारते हैं तो हमें उसके नाम के अर्थ का भी आभास होता है। आप अंक ज्योतिष के अनुसार नाम का चयन कर सकते हैं। अंक ज्योतिष के अनुसार नाम रखा गया नाम, दोनों माता और पिता के नाम के संगत होता है और उन लोगों के बीच सामंजस्य की संभावना को बढ़ाने वाल माना जाता है, विशेष तौर पर बच्चे की बढ़ती उम्र में।

पर्यावरणीय कारक--यद्यपि अपके बच्चे के नाम का उसके जीवन पर असर पड़ेगा, लेकिन आपको यह बात भी दिमाग में रखनी होगी कि अपका बच्चा जिस वातावरण में बड़ा होता है, वह उसके माता-पिता का होता है। और वे जिस तरह से उसका पालन-पौषण करेंगे, उसका व्यक्तित्व को भी वही रूप मिलेगा

**बच्चों को यातायात के नियम भी बताएं**

स्कूल और घर में ज्यादा दूरी ना होने के कारण बच्चे अकेले ही वहां चले जाते हैं। ऐसे में हमें उन्हें यातायात के सुरक्षा नियमों की जानकारी देनी चाहिये ताकि बच्चे सुरक्षित रूप से स्कूल आ जा सकें। ध्यान रखें कि आपके बच्चे एक ही रूट से प्रतिदिन आएं-जाएं और वह रास्ता सुरक्षा की दृष्टि से भी सही होना चाहिए।



Preetnama
ਪ੍ਰੀਤਨਾਮਾ ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 314
Website: www.preetnama.com Email preetnamausa@gmail.com
01 TO 07 AUGUST , 2025

# Between The Lines: What Dhankar's Exit Means for BJP And Parliament




The resignation of Vice President Jagdeep Dhankar has the potential of turning into a storm, especially as the Monsoon Session of Parliament is on.

Dhakar has cited deteriorating health as the reason. However, the abruptness of his action, announced through a post on "X" at 9.25 pm at the end of a day during which he had been active in his role as chairman of Rajya Sabha, has set Lutyen's Delhi's grapevine abuzz. The outgoing Vice-President's visit to Jaipur on Wednesday July 23 was notified by his secretariat earlier in the day. This, too, added to the grist.

During the day, he had perhaps gone contrary to the government's announcement that the impeachment proceedings against Justice Yashwant Verma would be initiated through the Lok Sabha. He admitted a parallel motion in Rajya Sabha and also outlined the intricacies of the setting up of a three-member panel to look into the charges.

With Rajya Sabha in the picture, the Vice-President of India and the Speaker of Lok Sabha are to jointly appoint the panel. Had Rajya Sabha not admitted the motion, the prerogative would have rested on the Lok Sabha Speaker alone.

The first Vice-President to resign from his post, V.V. Giri, had done so on July 20, 1969. Giri was sworn in as acting President on May 3 after the death of President Zakir Hussain. He decided to contest for President of India as an Independent (with overt support of Prime Minister Indira Gandhi, who was opposed to the choice of Neelam Sanjiva Reddy as official candidate of Congress) and thus quit to make the process fair, though there was no bar on his contesting while in office.

Moments before resigning as Acting President, Giri appended his signature to the Bank Nationalisation Ordinance, which was a signature slab of Indira Gandhi's "Garibi Hatao" plank. His resignation set in motion a train of events that altered the history of India's politics.

**Onus on Consensus**

Dhankar's resignation will add some heat to the political cauldron. Speculation has been rife over the choice of the next President of the BJP, with incumbent J.P. Nadda having overshot his tenure by a few years. The ruling dispensation's complexities will enhance. The new incumbent has to be someone acceptable to the party organisation as well as its mentor body, the Rashtriya Swayamsevak Sangh (RSS). The new Vice President of India will have to be someone acceptable to National Democratic Alliance partners (NDA). Thus, consensus-building will hit its zenith.

The NDA has adequate numbers in the electoral college for the election of Vice President. Notably, when Dhankar was elected in 2022, the BJP had a clear majority in the Lok Sabha. Post-2024, it now needs NDA allies.

Choosing Dhankar's successor isn't a time-bound task. Article 63 of the Constitution of India, which deals with the office of the Vice-President, the ex-officio Chairman of Rajya Sabha, says the vacancy should be filled "as soon as possible". The Election Commission has to determine the date. The words "as soon as possible" also appear in Article 93, which deals with Speaker and Deputy Speaker of the Lok Sabha. It says the House shall elect two of its members "as soon as possible" to these two posts. No election has taken place for Deputy Speaker after M. Thambidurai demitted office in June 2019 on the expiry of the term of 16th Lok Sabha. The 17th Lok Sabha (June 2019 -24) had no Deputy Speaker and the current House is yet to elect one.

**Harivansh to Hold Fort**

There is no proviso for an 'Acting Vice President'. However, since Parliament is in session, the duties of the presiding office of the Council of States (Rajya Sabha) will fall upon Harivansh Narain Singh, who has been the Deputy Chairman since August 2018. A distinguished editor before being elected to Rajya Sabha on Janata Dal (United) ticket from Bihar, he will hold charge, just as his predecessor Violet Alva had done when Giri quit in 1969.

Harivansh is the 13th Deputy Chairman in the history of Rajya Sabha. All his predecessors retired as Deputy Chairman of the Rajya Sabha, with the sole exception of Pratibha Patil, a former Speaker of Maharashtra Vidhan Sabha, who went on to become Rajasthan's Governor and in 2007 was elected the President of India.

The NDA's coalition politics in the run-up to Bihar elections also create a possibility of Harivansh's elevation. However, seeing recent appointments, which have given primacy not only to BJP insiders but also emphasised on their RSS credentials, this seems an unlikely option.

Dhankar began his political career as a Janata Dal leader and was made a deputy minister by Prime Minister Chandrashekhar. He joined the BJP a few years back and was soon appointed the Governor of West Bengal. His tenure in Kolkata was marked by his run-ins with Chief Minister Mamata Banerjee. Dhankar was the second new entrant to the BJP after Satyapal Malik to have gained prominence in the Narendra Modi-era, chagrining the Sangh's old guard. The fallout of his resignation may cause a lively organisational debate in the BJP. Vice President's Function Apart from presiding over Rajya Sabha, the Vice President of India has no other defined duties. Article 65 says the Vice President shall discharge the functions of the President during the temporary absence of the President, illness or any other cause by reason of which he is unable to discharge his functions. The First President, Dr Rajendra Prasad, in June 1960 had asked Vice President Dr Sarvepalli Radhakrishnan to act as President for a fortnight when he went on an official visit to the USSR. In May 1961, Dr Prasad took seriously ill and underwent surgery, and then as well Dr Radhakrishnan discharged the duties of the President. He was elected as President in May 1962 after Dr Prasad retired. When President Fakhruddin Ali Ahmed (who signed the proclamation of Emergency) passed away in February 1977 (while the Lok Sabha election process was on), Vice President B.D. Jatti became acting President. He accepted the resignation of Indira Gandhi and swore in Janata Party Prime Minister Morarji Desai in March. Jatti served as Vice President for just over a month under President Neelam Sanjiva Reddy, who was elected in July 1977 and retired on completion of his five-year term on August 31, 1977.

**Line of President's Succession**

In May 1969, anticipating a constitutional crisis in case Acting President V.V. Giri would not be able to discharge his duties, the Second Schedule of the Constitution was amended and The President (Discharge of Functions) Act 1969 ( Act 16 of 1969) was enacted, which laid down that in the event of the occurrence of vacancies in the offices of both President and Vice President, the Chief Justice of India, or, in his absence, the seniormost judge of Supreme Court available, shall discharge the functions of the President of India. Thus, a vacancy in the post of Vice President does not leave the Presidency in limbo. Either the Chief Justice of India, or, in his absence, the seniormost Supreme Court Judge may act as President. Chief Justice M. Hidayatullah thus became Acting President in July 1969. He received US President Richard Nixon on July 31, 1969, when the latter was in India on a state visit. Hidayatullah, after retiring from the Supreme Court, was elected as Vice-President in 1979 and served till 1984.

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 314
Website: www.preetnama.com Email preetnamausa@gmail.com
01 TO 07 AUGUST , 2025

# Nikah: A Sunnah Made Difficult by Society, Not by Islam

**Qur’an and Sunnah call for simplicity, character, and righteousness in marriage — but societal expectations, especially in Kashmir, have made Nikah a material burden that delays and discourages unions.**



**Introduction**

ਤੀਆਂ ਦਾ ਤਿਉਹਾਰ ਬੇਸ਼ੱਕ ਹੁਣ ਤੱਕ ਪੰਜਾਬੀ ਸਭਿਆਚਾਰ ਦਾ ਹਿੱਸਾ ਰਿਹਾ ਹੈ। ਹੁਣ ਤੱਕ ਸ਼ਬਦਾਂ ਦੀ ਵਰਤੋਂ ਮੈਂ ਇਸ ਲਈ ਕੀਤੀ ਹੈ ਕਿਉਂਕਿ ਅੱਜ ਇਸਦਾ ਨਾ ਹੀ ਉਹ ਰੂਪ, ਨਾ ਉਹ ਮਾਹੌਲ, ਨਾ ਹੀ ਇਕੱਠਿਆਂ ਹੋਣ ਦਾ ਉਹ ਚਾਅ ਰਿਹਾ। ਪਦਾਰਥਵਾਦੀ ਦੌੜ ਤੇ ਆਧੁਨਿਕਤਾ ਦੀ ਹਨੇਰੀ ਨੇ ਇਸਦੀਆਂ ਜੜ੍ਹਾਂ ਉਖਾੜ ਦਿੱਤੀਆਂ ਹਨ। ਅੱਜ ਇਹ ਤਿਉਹਾਰ ਲੱਗਭੱਗ ਅਲੋਪ ਹੋਣ ਦੇ ਕਿਨਾਰੇ ਹੈ।

ਇਸ ਤਿਉਹਾਰ ਦੀਆਂ ਵੰਨਗੀਆਂ ਦੀ ਗੱਲ ਕਰਨ ਤੋਂ ਪਹਿਲਾਂ ਜੇਕਰ ਇਸ ਦੇ ਪਿਛੋਕੜ ਤੇ ਕੁੱਝ ਡੂੰਘਾਈ ਨਾਲ ? ਨਜ਼ਰ ਮਾਰਦੇ ਹਾਂ ਤਾਂ ਇਹ ਪਤਾ ਚਲਦਾ ਹੈ ਕਿ ਜਦੋਂ ਪੰਜਾਬ 'ਤੇ ਮੁਗਲਾਂ ਦੀ ਹਕੂਮਤ ਸੀ ਤਾਂ ਉਨ੍ਹਾਂ ਦੀ ਜੀ-ਹਜ਼ੂਰੀ ਕਰਨ ਵਾਲ ? ਉਸ ਸਮੇਂ ਦੇ ਜਗੀਰਦਾਰ ਆਪਣੇ ਹਾਕਮਾਂ ਨੂੰ ਖੁਸ਼ ਕਰਨ ਲਈ ਪਿੰਡਾਂ ਵਿੱਚੋਂ ਸੋਹਣੀਆਂ ਕੁੜੀਆਂ ਨੂੰ ਸਮੇਂ ਦੇ ਹਾਕਮਾਂ ਅੱਗੇ ਪੇਸ਼ ਕਰਨ ਲਈ ਪਿੰਡ ਦੇ ਬਾਹਰ ਇੱਕ ਥਾਂ 'ਤੇ ਇੱਕਠੀਆਂ ਕਰਕੇ ਉਨ੍ਹਾਂ ਦਾ ਨਾਚ ਕਰਵਾਇਆ ਜਾਂਦਾ। ਉਨ੍ਹਾਂ ਵਿਚੋਂ ਚੰਗਾ ਨੱਚਦੀਆਂ ਤੇ ਸੋਹਣੀਆਂ ਕੁੜੀਆਂ ਨੂੰ ਉਹ ਹਾਕਮਾਂ ਲਈ ਲੈ ਜਾਂਦੇ, ਬਦਲੇ ਵਿੱਚ ਚੰਗੀਆਂ ਜਗੀਰਾਂ ਤੇ ਉਨ੍ਹਾਂ ਦੀ ਸ਼ਾਬਾਸ਼ੀ ਹਾਸਲ ਕਰਦੇ। ਇਹ ਉਸ ਸਮੇਂ ਦੀ ਵੱਡੀ ਤ੍ਰਾਸਦੀ ਸੀ। ? ਤਾਨਾਸ਼ਾਹੀ ਰਾਜ ਵਿੱਚ ਬਹੁਤੀ ਵਾਰ ਸ਼ਾਸ਼ਕ ਤੇ ਉਸਦੇ ਅਹਿਲਕਾਰਾਂ ਵੱਲੋਂ ਅਵਾਮ ਨਾਲ ? ਧੱਕਾ ਤੇ ਉਨ੍ਹਾਂ 'ਤੇ ਜ਼ੁਲਮ ਕੀਤਾ ਜਾਂਦਾ ਸੀ ਤਾਂ ਕਿ ਉਨ੍ਹਾਂ ਨੂੰ ਗੁਲਾਮ ਬਣਾ ਕੇ ਰੱਖਿਆ ਜਾ ਸਕੇ। ਸਮੇਂ ਦੇ ਚੱਲਦਿਆਂ ਬੇਸ਼ੱਕ ਇਸ ਗ਼ੁਲਾਮੀ ਭਰੀ ਜ਼ਿੰਦਗੀ ਤੋਂ ਅਵਾਮ ਨੂੰ ਛੁਟਕਾਰਾ ਮਿਲ ਗਿਆ ਪਰ ਇਸ ਪ੍ਰਚੱਲਿਤ ਨਾਚ ਨੇ ਤੀਆਂ ਦਾ ਰੂਪ ਲੈ ਲਿਆ। ਹੌਲ ?ੀ-ਹੌਲ ?ੀ ਇਹ ਸਾਡੇ ਤਿਉਹਾਰਾਂ ਦੀ ਲੜੀ ਵਿੱਚ ਸ਼ਾਮਲ ਹੋ ਗਿਆ ਅਤੇ ਵਿਆਹ ਕਰਾ ਕੇ ਵਿਛੜੀਆਂ ਆਪਣੀਆਂ ਹਮਉਮਰ ਸਖੀਆਂ-ਸਹੇਲੀਆਂ ਨੂੰ ਇਸ ਤਿਉਹਾਰ ਦੇ ਬਹਾਨੇ ਹੀ ਮਿਲਿਆ ਜਾਂਦਾ। ਹਾਸੇ-ਠੱਠੇ ਤੇ ਮੇਲ-ਮਿਲਾਪ ਦਾ ਇਹ ਪੁਰਬ ਬਣ ਗਿਆ। ਅੱਜ ਦੇ ਸਮੇਂ ਨੂੰ ਛੱਡ ਕੇ ਜੇਕਰ ਕੁੱਝ ਦਹਾਕੇ ਪਿੱਛੇ ਝਾਤ ਮਾਰਦੇ ਹਾਂ ਤਾਂ ਇਹ ਤਿਉਹਾਰ ਆਪਣੇ ਪੂਰੇ ਜਲੌਅ ਵਿੱਚ ਹੁੰਦਾ ਸੀ ਅਤੇ ਸਾਰਿਆਂ ਨੂੰ, ਖ਼ਾਸ ਕਰ ਕੁੜੀਆਂ ਨੂੰ ਇਸ ਦੀ ਡਾਢੀ ਉਡੀਕ ਹੁੰਦੀ ਸੀ।

ਤੀਆਂ ਹਰੇਕ ਪਿੰਡ ਵਿੱਚ ਕਿਸੇ ਨਿਸ਼ਚਿਤ ਕੀਤੀ ਥਾਂ 'ਤੇ ਲੱਗਦੀਆਂ ਸਨ। ਸਾਡੇ ਪਿੰਡ ਦੇ ਲਹਿੰਦੇ ਵਾਲ ? ਪਾਸੇ ਇੱਕ ਟੋਭਾ ਹੈ। ਜਿਸ ਨੂੰ ਦਈਆਂ ਵਾਲ ?ਾ ਟੋਭਾ ਕਿਹਾ ਜਾਂਦਾ ਹੈ। ਹੁਣ ਇਸ ਟੋਭੇ 'ਚ ਪਾਣੀ ਨਹੀਂ ਇਹ ਸੁੱਕ ਚੁੱਕਿਆ ਹੈ। ਪਹਿਲਾਂ ਤਾਂ ਨਾਲ ? ਲਗਦੇ ਸੂਏ ਦਾ ਪਾਣੀ ਇਹਦੇ 'ਚ ਪੈਂਦਾ ਰਹਿੰਦਾ ਸੀ ਹੁਣ ਤਾਂ ਸੂਏ ਤੇ ਛੋਟੀਆਂ ਕੱਸੀਆਂ ਵਿੱਚ ਪਾਣੀ ਕਦੇ ਕਦਾਈਂ ਹੀ ਦੇਖਣ ਨੂੰ ਮਿਲਦਾ ਹੈ, ਆਮ ਕਰਕੇ ਤਾਂ ਇਹ ਕੂੜਾਦਾਨ ਹੀ ਬਣ ਕੇ ਰਹਿ ਗਈਆਂ। ਇਸ ਟੋਭੇ ਦੇ ਨਾਂ ਨਾਲ ? ਦਈਆਂ ਸ਼ਬਦ ਕਿਵੇਂ ਪਿਆ ਇਸ ਬਾਰੇ ਕਿਸੇ ਨੂੰ ਕੋਈ ਇਲਮ ਨਹੀਂ, ਬਸ ਸਾਰੇ ਦਈਆਂ ਆਲ ?ਾ ਟੋਭਾ ਹੀ ਕਹਿੰਦੇ ਹਨ।

ਟੋਭੇ ਦੇ ਨੇੜੇ ਢਾਈ ਤਿੰਨ ਕਿੱਲੇ ਸ਼ਾਮਲਾਟ ਜ਼ਮੀਨ ਜੋ ਇੰਜ ਹੀ ਖ਼ਾਲੀ ਛੱਡੇ ਹੋਈ ਸੀ ਇੱਥੇ ਹੀ ਤੀਆਂ ਦਾ ਗਿੱਧਾ ਪਾਉਣ ਲਈ ਕੁੜੀਆਂ ਇਕੱਠੀਆਂ ਹੁੰਦੀਆਂ। ਜਦੋਂ ਸਾਉਣ ਦੇ ਮਹੀਨੇ ਤੀਆਂ ਦਾ ਤਿਉਹਾਰ ਆਉਂਦਾ ਤਾਂ ਸਾਰੀਆਂ ਕੁੜੀਆਂ, ਨੂੰਹਾਂ, ਸਿਆਣੀਆਂ ਤੀਵੀਂਆਂ ਦੂਜ ਵਾਲ ? ਦਿਨ ਹੱਥਾਂ 'ਤੇ ਮਹਿੰਦੀ ਲਾਉਂਦੀਆਂ। ਸਾਡੇ ਵਰਗੇ ਜੁਆਕਾਂ ਨੂੰ ਵੀ ਮਹਿੰਦੀ ਲਗਵਾਉਣ ਦਾ ਬੜਾ ਚਾਅ ਹੁੰਦਾ, ਬੇਸ਼ੱਕ ਮੁੰਡਿਆਂ ਦੇ ਹਥੇਲੀ ਦੇ ਵਿਚਕਾਰ ਇੱਕ ਵੱਡਾ ਟਿੱਕਾ ਲਗਾ ਕੇ ਕਿਹਾ ਜਾਂਦਾ ਕਿ ÷ਮੁੰਡੇ ਨੀਂ ਮਹਿੰਦੀ ਲਾਉਂਦੇ ਹੁੰਦੇ।÷ ਸਾਉਣ ਦੇ ਮਹੀਨੇ ਤਕਰੀਬਨ ਹਰ ਘਰ ਵਿੱਚੋਂ ਖੀਰ-ਪੂੜਿਆਂ ਤੇ ਗੁਲਗੁਲਿਆਂ,ਪਤੌੜਾਂ (ਪਕੌੜੇ) ਦੀਆਂ ਮਹਿਕਾਂ ਆਉਂਦੀਆਂ। ਸਾਰੇ ਨਿਆਣੇ ,ਸਿਆਣੇ ਤੇ ਬੁੱਢੇ ਬੜੇ ਚਾਵਾਂ ਨਾਲ ? ਖਾਂਦੇ। ਇਸ ਮਹੀਨੇ ਮੀਂਹ ਬੜਾ ਪੈਂਦਾ ਤੇ ਬਹੁਤੀ ਵਾਰ ਝੜੀਆਂ ਆਮ ਹੀ ਲੱਗਦੀਆਂ ਸਨ ਪਰ ਅੱਜ ਅਸੀਂ ਕੁਦਰਤ ਤੋਂ ਇੰਨੇ ਦੂਰ ਤੇ ਕੁਦਰਤੀ ਸ਼ੈਆਂ ਨਾਲ ? ਆਪਣੇ ਲਾਭ ਲਈ ਨਿਰੰਤਰ ਖਿਲਵਾੜ ਕਰ ਰਹੇ ਹਾਂ। ਰੁੱਖਾਂ ਦੀ ਕਟਾਈ, ਮਸ਼ੀਨਰੀ ਆਦਿ ਦੇ ਵਧਣ ਕਾਰਨ ਰੁੱਤਾਂ ਵਿੱਚ ਵੀ ਤਬਦੀਲੀ ਆ ਗਈ। ਗੱਲ ਕਰ ਰਹੇ ਸੀ ਮੌਸਮ ਦੀ। ਲੱਗਦੀਆਂ ਝੜੀਆਂ ਕਾਰਨ ਮੌਸਮ ਠੰਡਾ ਹੋ ਜਾਂਦਾ ਤੇ ਸਰੋਂ ਦੇ ਤੇਲ 'ਚ ਸ਼ੁੱਧ ਤਰੀਕੇ ਨਾਲ ? ਪਕਾਏ ਪਕਵਾਨ ਸਭ ਦੇ ਹਜ਼ਮ ਵੀ ਹੋ ਜਾਂਦੇ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਅੰਦਰਲੇ ਬਾਹਰਲੇ ਸਾਰੇ ਕੰਮ ਹੱਥੀਂ ਹੋਣ ਕਰਕੇ ਇਨ੍ਹਾਂ ਨੂੰ ਪਚਾਉਣ ਦੀ ਕੋਈ ਸਮੱਸਿਆ ਨਹੀਂ ਸੀ ਹੁੰਦੀ। ਅੱਜ-ਕੱਲ੍ਹ ਪਹਿਲਾਂ ਤਾਂ ਇਹ ਪਕਵਾਨਾਂ ਨੂੰ ਪਚਾਉਣ ਦੀ ਦਿੱਕਤ ਤੇ ਦੂਜੀ ਗੱਲ ਬਹੁਤੇ ? ਲੋਕਾਂ ਨੂੰ ਡਾਕਟਰਾਂ ਨੇ ਤਲੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕਰਨ ਲਈ ਹਦਾਇਤ ਕੀਤੀ ਹੁੰਦੀ ਹੈ। ਸਾਰਾ ਕੁੱਝ ਸਮੇਂ ਦਾ ਗੇੜ ਹੈ ਸਰੀਰ ਸੋਹਲ ਹੋ ਗਏ ਇੱਥੇ ਇਹ ਕਹਿਣਾ ਬਣਦਾ ਹੈ ਕਿ ਅਸੀਂ ਖ਼ੁਦ ਆਪਣੇ ਸਰੀਰ ਨੂੰ ਸੁੱਖ ਦੀ ਆਦਤ ਪਾ ਦਿੱਤੀ ਹੈ। ਚਲੋ ਖੈਰ ਗੱਲ ਚਲ ਰਹੀ ਸੀ ਤੀਆਂ ਦੇ ਤਿਉਹਾਰ ਦੀ। ਪਿੰਡ ਦੇ ਬਾਹਰ ਇਸ ਸ਼ਾਮਲਾਟ ਵਾਲ ?ੀ ਥਾਂ 'ਤੇ ਆਥਣ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਲਾਭ ਸਿੰਘ ਸ਼ੇਰਗਿੱਲ (ਸੰਗਰੂਰ)
86995 35708

ਵੇਲ ? ਤੀਆਂ ਲਈ ਕੁੜੀਆਂ ਇਕੱਠੀਆਂ ਹੁੰਦੀਆਂ। ਨਵੀਆਂ ਵਿਆਹੀਆਂ ਕੁੜੀਆਂ ਸਾਉਣ ਦਾ ਮਹੀਨਾ ਆਪਣੇ ਪੇਕੇ ਪਿੰਡ ਹੀ ਰਹਿੰਦੀਆਂ। ਇਹ ਕਿਹਾ ਜਾਂਦਾ ਹੈ ਸਾਉਣ ਦੇ ਮਹੀਨੇ ਸੱਸ ਨੂੰਹ ਨੇ ਇੱਕ ਦੂਜੇ ਦਾ ਮੂੰਹ ਨਹੀਂ ਦੇਖਣਾ ਹੁੰਦਾ ਇਸ ਕਰਕੇ ਇਹ ਮਹੀਨਾ ਕੁੜੀਆਂ ਆਪਣੇ ਪੇਕੇ ਪਿੰਡ ਹੀ ਰਹਿੰਦੀਆਂ। ਅਸਲ ਵਿੱਚ ਉਸ ਸਮੇਂ ਦੇ ਸਾਡੇ ਬਹੁਤ ਹੀ ਸਿਆਣੇ ਬਜ਼ੁਰਗਾਂ ਨੇ ਇਹ ਵਹਿਮ ਸ਼ਾਇਦ ਜਾਣਬੁੱਝ ਕੇ ਪਾਇਆ ਹੋਵੇਗਾ ਤਾਂ ਕਿ ਕੁੜੀਆਂ ਬਹਾਨੇ ਨਾਲ ? ਕੁੱਝ ਸਮੇਂ ਲਈ ਕੰਮਾਂ ਕਾਰਾਂ ਦੇ ਬੋਝ ਤੋਂ ਆਪਣੇ ਪੇਕੇ ਪਿੰਡ ਆ ਥੋੜ੍ਹੇ ਦਿਨ ਅਰਾਮ ਕਰ ਲੈਣ ਤੇ ਨਾਲ ? ਇੱਕ-ਦੂਜੀਆਂ ਆਪਣੀਆਂ ਸਹੇਲੀਆਂ ਨੂੰ ਮਿਲ ਲੈਣ। ਕੁੜੀਆਂ ਨੂੰ ਆਪਣੇ ਕੱਪੜੇ, ਗਹਿਣੇ ਦਿਖਾਉਣ ਦਾ ਬਹੁਤ ਸ਼ੌਕ ਹੁੰਦਾ ਹੈ। ਤੀਆਂ ਵਿੱਚ ਇਹ ਨਵੇਂ ਤੋਂ ਨਵਾਂ ਵਧੀਆ ਸੂਟ ਤੇ ਆਪਣੇ ਸਹੁਰਿਆਂ ਵੱਲੋਂ ਪਾਏ ਗਹਿਣੇ ਪਹਿਨ ਕੇ ਆਪਣੀ ਤੇ ਆਪਣੇ ਸਹੁਰਿਆਂ ਦੀ ਖ਼ੂਬ ਟੌਹਰ ਬਣਾਉਂਦੀਆਂ। ਚੰਗੇ ਤੇ ਵੱਧ ਤੋਂ ਵੱਧ ਗਹਿਣੇ ਪਹਿਨ ਕੇ ਤੀਆਂ ਵਿੱਚ ਜਾਣਾ ਤਾਂ ਦੂਜੀਆਂ ਉਸ ਦੇ ਗਹਿਣਿਆਂ ਦੀ ਤਾਰੀਫ਼ ਕਰਨ ਤੇ ਨਾਲ ? ਇਹ ਕਹਿਣ ਕਿ ਇਹਨੂੰ ਤਕੜਾ ਘਰ ਮਿਲਿਆ ਹੈ ਬਸ ਇੰਨੀ ਕੁ ਹੀ ਪ੍ਰਸੰਸਾ ਨਾਲ ? ਮਨ ਉਡੂੰ-ਉਡੂੰ ਕਰਨ ਲੱਗਦਾ। ਕਿੰਨੇ ਭਲ ? ਦਿਨ ਹੁੰਦੇ ਸੀ ਉਹ। ਕੁੜੀਆਂ ਨੂੰ ਇਕੱਲੇ ਜਾਣ ਵਿੱਚ ਕੋਈ ਡਰ ਭੌ ਨਹੀਂ ਸੀ ਹੁੰਦਾ। ਕਿਸੇ ਕਿਸਮ ਦੀ ਲੁੱਟ ਖੋਹ ਦਾ ਤਾਂ ਉਦੋਂ ਕੋਈ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਿੰਡ ਦੀਆਂ ਕੁੜੀਆਂ ਕੱਤਰੀਆਂ ਨੂੰ ਸਾਰੇ ਆਪਣੀਆਂ ਧੀਆਂ ਭੈਣਾਂ ਹੀ ਮੰਨਦੇ ਸਨ। ਸਾਰੀਆਂ ਇੱਕ ਖੁੱਲ੍ਹੀ ਥਾਂ 'ਤੇ ਵੱਡਾ ਗੋਲ ਚੱਕਰ ਬਣਾ ਕੇ ਖੜ੍ਹ ਜਾਂਦੀਆਂ ਅਤੇ ਫਿਰ ਵਾਰੋ ਵਾਰੀ ਬੋਲੀਆਂ ਪਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਬੋਲੀਆਂ ਵਿੱਚ ਸਮੇਂ ਦੇ ਹਰ ਪੱਖ ਸਮਾਜਿਕ, ਰਾਜਨੀਤਕ, ਆਰਥਿਕ ਤੇ ਧਾਰਮਿਕ ਦਾ ਜ਼ਿਕਰ ਕੀਤਾ ਹੋਇਆ ਮਿਲਦਾ।

ਜਿਵੇਂ.....

ਹੋਰਾਂ ਦੇ ਤਾਂ ਦੋ ਦੋ ਵੀਰੇ ਮੇਰਾ ਵੀਰਾ ਇੱਕ ਕੁੜੀਓ
ਉਹ ਵੀ ਦਸਵੇਂ ਗੁਰਾਂ ਦਾ ਸਿੱਖ ਕੁੜੀਓ।
ਸਾਰੇ ਤਾਂ ਗਹਿਣੇ ਮੇਰੇ ਮਾਪਿਆਂ ਨੇ ਪਾਏ ,
ਇੱਕੋ ਤਵੀਤ ਉਹਦੇ ਘਰ ਦਾ ਨੀ,
ਜਦੋਂ ਲੜਦਾ ਤੇ ਲਾਹਦੇ ਲਾਹਦੇ ਕਰਦਾ ਨੀਂ
ਛੈਣੇ ਛੈਣੇ ਛੈਣੇ
ਵਿਦਿਆ ਪੜ੍ਹਾਦੇ ਬਾਬਲਾ
ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ
ਸਾਉਣ ਮਹੀਨਾ ਦਿਨ ਤੀਆਂ ਦੇ,
ਕੁੜੀਆਂ ਰਲ ? ਕੇ ਆਈਆਂ
ਨੱਚਣ ਕੁੱਦਣ ਝੂਟਣ ਪੀਂਘਾਂ
ਵੱਡੇ ਘਰਾਂ ਦੀਆਂ ਜਾਈਆਂ
ਆਹ ਲੈ ਮਿੱਤਰਾ ਕਰ ਲੈ ਖਰੀਆਂ
ਬਾਂਕਾਂ ਮੇਚ ਨਾ ਆਈਆਂ
ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ।

ਅੱਜ ਇਹ ਤਿਉਹਾਰ ਸਿਰਫ਼ ਇੱਕ ਰਸਮੀ ਬਣ ਕੇ ਇੱਕ ਦੋ ਦਿਨਾਂ ਤੱਕ ਹੀ ਸਿਮਟ ਕੇ ਰਹਿ ਗਿਆ ਹੈ। ਨਵੀਂ ਪੀੜ੍ਹੀ ਦੀਆਂ ਕੁੜੀਆਂ ਨੂੰ ਬੋਲੀਆਂ ਵੀ ਵਿਸਰਦੀਆਂ ਜਾ ਰਹੀਆਂ ਹਨ, ਹੁਣ ਸਭ ਕੁੱਝ ਡੀ.ਜੇ.ਦੀ ਭੇਂਟ ਚੜ੍ਹਦਾ ਜਾ ਰਿਹਾ ਹੈ। ਅੱਜ ਤਾਂ ਸਾਊਂਡ ਸਿਸਟਮ ਲਾ ਕੇ ਉਲਟਾ ਸਿੱਧਾ ਨੱਚਣਾ ਦੇਖਣ ਨੂੰ ਮਿਲਦਾ ਹੈ। ਨਵੇਂ ਜ਼ਮਾਨੇ ਦੇ ਤੌਰ ਤਰੀਕੇ ਅਪਣਾਉਣਾ ਮਾੜੀ ਗੱਲ ਨਹੀਂ ਪਰ ਆਪਣੀਆਂ ਜੜ੍ਹਾਂ ਨਾਲ ? ਜੁੜੇ ਰਹਿਣਾ ਵੀ ਬਹੁਤ ਜ਼ਰੂਰੀ ਹੈ ਤਾਂ ਕਿ ਸਾਡੇ ਸਭਿਆਚਾਰ ਦੀ ਅਮੀਰੀ ਹਮੇਸ਼ਾ ਕਾਇਮ ਰਹੇ।

# ਸਰਕਾਰ ਦਾ ਵਾਤਾਵਰਨ - ਹਿਤੈਸ਼ੀ ਉਪਰਾਲਾ : ਏਕ ਪੇੜ ਮਾਂ ਕੇ ਨਾਮ

ਕੁਦਰਤ ਦੀ ਮਹਾਨਤਾ ਤੋਂ ਕੋਈ ਵੀ ਅਣਜਾਣ ਨਹੀਂ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਪਲ , ਹਰ ਥਾਂ ਜ਼ਿੰਦਗੀ ਦੇ ਹਰ ਮੋੜ 'ਤੇ ਕੁਦਰਤ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਆਈ ਹੈ। ਕੁਦਰਤ ਦੇ ਵਿੱਚ ਪਰਮਾਤਮਾ ਦੀ ਸਭ ਤੋਂ ਵਧੀਆ ਤੇ ਉੱਤਮ ਰਚਨਾ ਪੌਦੇ /ਦਰੱਖ਼ਤ ਹਨ , ਜਿਨਾਂ ਤੋਂ ਬਿਨਾਂ ਧਰਤੀ 'ਤੇ ਮਨੁੱਖਤਾ ਦੇ ਨਾਲ ? - ਨਾਲ ? ਜੀਵ - ਜੰਤੂਆਂ ਅਤੇ ਹੋਰ ਪ੍ਰਾਣੀਆਂ ਦਾ ਜੀਵਨ ਅਸੰਭਵ ਹੈ। ਸਰਕਾਰ ਨੇ ਇਸੇ ਮਹਾਨਤਾ ਨੂੰ ਦੇਖਦੇ ਹੋਏ ਇੱਕ ਅਭਿਆਨ ÷ ਏਕ ਪੇੜ ਮਾਂ ਕੇ ਨਾਮ ÷ ਚਲਾਇਆ , ਜੋ ਕਿ ਬਹੁਤ ਹੀ ਸਲਾਘਾਯੋਗ ਉਪਰਾਲਾ ਹੈ। ਇਹ ਅਭਿਆਨ ਹੋਰ ਵੀ ਵਧੀਆ ਇਸ ਲਈ ਬਣ ਜਾਂਦਾ ਹੈ ਕਿਉਂਕਿ ਇਸ ਦੇ ਵਿੱਚ ਹੇਠਲੇ ਪੱਧਰ 'ਤੇ ਵਿਦਿਆਰਥੀਆਂ , ਅਧਿਆਪਕਾਂ ਤੇ ਉਹਨਾਂ ਦੇ ਮਾਪਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਤੇ ਇਸ ਅਭਿਆਨ ਨੂੰ ਸਿੱਧੇ ਤੌਰ 'ਤੇ ਮਾਂ ਦੇ ਨਾਲ ? ਜੋੜਿਆ ਗਿਆ। 'ਜਨਮ ਦੇਣ ਵਾਲੀ ਤੇ ਧਰਤੀ' ਇਹ ਦੋਵੇਂ ਮਨੁੱਖ ਦੀਆਂ ਮਾਵਾਂ ਹਨ। ਜਦੋਂ ਇਨਸਾਨ ਨੂੰ ਭਾਵਨਾਤਮਕ ਤੌਰ 'ਤੇ ਉਸਦੇ ਅਤਿ ਨਜਦੀਕੀ ਸਰਵਸ੍ਰੇਸ਼ਟ ਰਿਸ਼ਤੇ ਮਾਂ ਦੇ ਨਾਲ ? ਜੋੜ ਦਿੱਤਾ ਜਾਂਦਾ ਹੈ ਤਾਂ ਉਸ ਅਭਿਆਨ/ ਪ੍ਰੋਜੈਕਟ/ਕੰਮ ਦੇ ਨਤੀਜੇ ਹੋਰ ਵੀ ਸਾਰਥਕ ਆਉਂਦੇ ਹਨ। ਸਭ ਤੋਂ ਵੱਡੀ ਗੱਲ ਹੈ ਕਿ ਛੋਟੇ - ਛੋਟੇ ਬੱਚੇ ਜਦੋਂ ਆਪਣੇ ਮਾਪਿਆਂ ਤੇ ਅਧਿਆਪਕਾਂ ਦੀ ਦੇਖਰੇਖ ਵਿੱਚ ਇਹਨਾਂ ਪੌਦਿਆਂ ਨੂੰ ਲਗਾਉਂਦੇ ਹਨ ਤੇ ਇਹਨਾਂ ਦੀ ਸੰਭਾਲ ਕਰਦੇ ਹਨ ਤਾਂ ਉਹ ਵੀ ਸਿੱਧੇ - ਅਸਿੱਧੇ ਢੰਗ ਨਾਲ ਬਚਪਨ ਤੋਂ ਹੀ ਵਾਤਾਵਰਨ ਪ੍ਰਤੀ ਸਮਰਪਿਤ ਹੋ ਜਾਂਦੇ ਹਨ। ਪੌਦਿਆਂ ਦੇ ਕਿੰਨੇ ਲਾਭ ਹਨ ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ। ਇਸ ਦੇ ਨਾਲ ? ਹੀ ਇਹ ਵੀ ਬਹੁਤ ਮਹੱਤਵਪੂਰਨ ਗੱਲ ਹੈ ਕਿ ਜਿਹੜੇ ਪੌਦੇ ਅਧਿਆਪਕਾਂ , ਵਿਦਿਆਰਥੀਆਂ ਜਾਂ ਹੋਰ ਲੋਕਾਂ ਵੱਲੋਂ ਲਗਾਏ ਜਾਂਦੇ ਹਨ ਉਹ ਬਹੁਤ ਹੀ ਵਧੀਆ ਗੱਲ ਹੈ , ਪਰ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਇਹਨਾਂ ਲਗਾਏ ਪੌਦਿਆਂ ਦੀ ਅਸੀਂ ਤਹਿ ਦਿਲੋਂ ਸੰਭਾਲ ਕਰੀਏ , ਬੱਚਿਆਂ ਵਾਂਗ ਇਨ੍ਹਾਂ ਦਾ ਪਾਲਣ - ਪੋਸ਼ਣ ਕਰੀਏ ਤੇ ਇਹਨਾਂ ਦੀ ਚੰਗੀ ਤਰ੍ਹਾਂ ਪਰਵ੍ਰਿਸ਼ ਕਰੀਏ ; ਕਿਉਂਕਿ ਜੇਕਰ 25% ਪੌਦੇ ਵੀ ਕਾਮਯਾਬ ਹੋ ਜਾਂਦੇ ਹਨ ਤਾਂ ਇਹ ਇੱਕ ਬਹੁਤ ਵੱਡੀ ਕ੍ਰਾਂਤੀ ਹੋਵੇਗੀ। ਜੋ ਕਿ ਪੂਰੀ ਦੁਨੀਆ ਵਿੱਚ ਇੱਕ ਨਵੀਂ ਸੇਧ ਦੇਣ ਵਾਲੀ ਉਦਾਹਰਨ ਹੋ ਸਕਦੀ ਹੈ ਤੇ ਧਰਤੀ ਦੇ ਉੱਤੇ ਵਣ - ਰਕਬਾ ਵਧ ਸਕਦਾ ਹੈ। ਜੋ ਕਿ ਭਵਿੱਖ ਲਈ ਸਭ ਦੇ ਲਈ ਹਿਤੈਸ਼ੀ ਹੋਵੇਗਾ। ਬੱਸ ! ਲੋੜ ਹੈ ਕਿ ਇਸ ਅਭਿਆਨ ਵਿੱਚ ਹਰ ਨਾਗਰਿਕ , ਹਰ ਵਿਦਿਆਰਥੀ , ਹਰ ਅਧਿਆਪਕ ਤੇ ਮਾਂ - ਬਾਪ ਸਮਰਪਣ ਭਾਵਨਾ ਨਾਲ ਅੱਗੇ ਆਵੇ ਤੇ ਪਰਉਪਕਾਰ ਦੀ ਭਾਵਨਾ ਬਣਾਵੇ। ਹੋਰ ਵੀ ਚੰਗੀ ਗੱਲ ਹੈ ਕਿ ਜੇਕਰ ਅਧਿਆਪਕ ਯਥਾਸੰਭਵ ਯੋਗਦਾਨ ਪਾ ਕੇ ਵਧੀਆ ਕਿਸਮ ਦੇ ਫਲਦਾਰ ਪੌਦੇ ਆਪਣੇ ਵਲੋਂ ਉਪਰਾਲੇ ਕਰਕੇ , ਖੁਦ ਖਰੀਦ ਕੇ ਆਪਣੇ ਵਿਦਿਆਰਥੀਆਂ ਦੇ ਘਰੇ ਜਾਂ ਉਨ੍ਹਾਂ ਦੇ ਖੇਤਾਂ / ਵਾੜਿਆਂ ਆਦਿ ਥਾਵਾਂ 'ਤੇ ਲਗਾਵੇ ਤਾਂ ਵਿਦਿਆਰਥੀਆਂ ਵਿੱਚ ਹੋਰ ਵੀ ਜਿਆਦਾ ਉਤਸਾਹ ਵਧੇਗਾ ਅਤੇ ਉਹ ਛਾਂਦਾਰ , ਫਲਦਾਰ ਤੇ ਹੋਰ ਹਰ ਤਰ੍ਹਾਂ ਦੇ ਪੌਦਿਆਂ ਨੂੰ ਪਿਆਰ ਵੀ ਕਰਨਗੇ ਤੇ ਫ਼ਲ ਦੀ ਆਸ ਦੇ ਨਾਲ ? ਇਹਨਾਂ ਦੀ ਸੰਭਾਲ ਵੀ ਕਰਨਗੇ। ਇਸ ਅਭਿਆਨ ÷ ਏਕ ਪੇੜ ਮਾਂ ਕੇ ਨਾਮ ÷ ਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਛੋਟੀ ਉਮਰ ਵਿੱਚ ਹੀ ਵਿਦਿਆਰਥੀ ਆਪਣੇ ਮਾਤਾ - ਪਿਤਾ ਅਤੇ ਧਰਤੀ ਮਾਤਾ ਦਾ ਵੀ ਸਤਿਕਾਰ ਕਰਨਾ ਸਿਖਣਗੇ। ਸਰਕਾਰ ਵੱਲੋਂ ਚਲਾਏ ਗਏ ਇਸ ਅਭਿਆਨ ÷ ਏਕ ਪੇੜ ਮਾਂ ਕੇ ਨਾਮ ÷ ਦਾ ਚੰਗਾ ਸੰਦੇਸ਼ ਸਮੁੱਚੀ ਦੁਨੀਆ ਵਿੱਚ ਵੀ ਜਾ ਰਿਹਾ ਹੈ। ਕੁਦਰਤ ਬੇਅੰਤ ਹੈ , ਪਰਮਾਤਮਾ ਦਾ ਦੂਸਰਾ ਨਾਂ ਤੇ ਰੂਪ ਹੀ ਕੁਦਰਤ ਹੈ। ਕੁਦਰਤ ਸਾਡੇ ਵੱਲੋਂ ਕੀਤੇ ਗਏ ਹਰ ਕਰਮ ਦਾ ਫਲ ਦੇਰ - ਸਵੇਰ ਮਨੁੱਖ ਨੂੰ ਦਿੰਦੀ ਹੈ। ਇਸ ਲਈ ਆਓ ! ਸਭ ਰਲ ਕੇ ਸਰਕਾਰ ਦੇ ਵੱਲੋਂ ਚਲਾਏ ਇਸ ਅਭਿਆਨ ÷ ਏਕ ਪੇੜ ਮਾਂ ਕੇ ਨਾਮ ÷ ਵਿੱਚ ਸਮਰਪਣ ਤੇ ਪਰਉਪਕਾਰ ਦੀ ਭਾਵਨਾ ਨਾਲ ? ਮਾਨਵ - ਹਿਤੈਸ਼ੀ ਬਣਨ ਦਾ ਸਬੂਤ ਦਿੰਦੇ ਹੋਏ ਵੱਧ ਤੋਂ ਵੱਧ ਪੌਦੇ ਲਗਾਈਏ , ਉਹਨਾਂ ਦੀ ਸੰਭਾਲ ਕਰੀਏ ਅਤੇ ਆਪਣੇ ਦੇਸ਼ ਨੂੰ ਪੂਰੀ ਦੁਨੀਆ ਵਿੱਚ ਸਰਵਸ੍ਰੇਸ਼ਟ , ਹਰਾ - ਭਰਾ ਤੇ ਸਾਫ - ਸੁਥਰਾ ਬਣਾਈਏ ਅਤੇ ਖੁਸ਼ਹਾਲ ਜੀਵਨ ਦੀ ਨੀਂਹ ਰੱਖੀਏ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਮਾਸਟਰ ਸੰਜੀਵ ਧਰਮਾਣੀ
9478561356

# ਬੇਬੇ ਦਾ ਚਰਖ਼ਾ



ਬੇਬੇ ਦਾ ਪਰਿਵਾਰ ਬਹੁਤ ਵੱਡਾ ਹੁੰਦਾ ਸੀ, ਚਾਰ ਮੁੰਡੇ ਤੇ ਪੰਜ ਕੁੜੀਆਂ, ਅਜੇ ਤੱਕ ਕਿਸੇ ਦਾ ਵੀ ਵਿਆਹ ਨਹੀਂ ਸੀ ਕੀਤਾ, ਬਾਪੂ ਭਰ ਜਵਾਨੀ ਵਿੱਚ ਹੀ ਬੇਬੇ ਨੂੰ ਪਰਿਵਾਰ ਦੀ ਭਰੀ ਟੋਕਰੀ ਛੱਡ ਕੇ ਜਹਾਨ ਤੋਂ ਰੁਖਸਤ ਹੋ ਗਿਆ ਸੀ, ਕਹਿੰਦੇ ਨੇ ਕਿ ਇਹਨਾਂ ਦਾ ਬਾਪੂ ਬੰਤਾ ਸਿੰਘ ਬੜਾ ਹੱਟਾ ਕੱਟਾ ਸੀ ,ਦੋ ਬੰਦਿਆਂ ਤੇ ਭਾਰੂ ਪੈਂਦਾ ਸੀ, ਉਹਨਾਂ ਵੇਲਿਆਂ ਵਿੱਚ ਅੱਜਕਲ ਵਾਂਗੂੰ ਕਿਹੜੇ ਡਾਕਟਰ ਹੁੰਦੇ ਸੀ, ਬੱਸ ਪਿੰਡ ਵਿੱਚ ਇੱਕ ਅੱਧਾ ਹਕੀਮ ਹੁੰਦਾ ਸੀ, ਜਿਸ ਨੇ ਵੀ ਢਿਲਾ ਮੱਠਾ ਹੋਣਾ ,,ਉਸ ਨੇ ਹਕੀਮ ਤੋਂ ਦੋ ਚਾਰ ਪੁੜੀਆਂ ਲੈ ਆਉਣੀਆ, ਰਾਤੋ ਰਾਤ ਠੀਕ ਹੋ ਜਾਂਦੇ ਤੇ ਅਗਲੇ ਦਿਨ ਸਾਜਰੇ ਉਹ ਫਿਰ ਕੰਮ ਤੇ ਚਲੇ ਜਾਂਦੇ, ਖੈਰ ਬਾਪੂ ਬੰਤਾ ਸਿੰਘ ਬਿਮਾਰ ਵੀ ਨਹੀਂ ਹੋਇਆ, ਪਤਾ ਹੀ ਨਾ ਲੱਗਾ,ਮੰਜੇ ਤੇ ਲੰਮੇ ਪੈਂਦੇ ਸਾਰ ਹੀ ਉਸ ਦੀ ਜਾਨ ਨਿੱਕਲ ਗਈ, ਬੇਬੇ ਦਿਆਂ ਪੇਕਿਆਂ ਨੇ ਭੋਗ ਤੋਂ ਬਾਅਦ ਰਲਮਿਲ ਕੇ ਸਲਾਹ ਕੀਤੀ ਕਿ ਕਿਉਂ ਨਾ ਜੀਂਦੋ ਨੂੰ ਛੋਟੇ ਦਿਉਰ ਦੇ ਘਰ ਬਿਠਾ ਦੇਈਏ, ਛੋਟਾ ਭਰਾ ਅਮਰ ਸਿੰਘ ਵੱਡੇ ਭਰਾ ਬੰਤਾ ਸਿੰਘ ਤੋਂ ਕਈ ਸਾਲ ਛੋਟਾ ਸੀ, ਦੂਸਰਾ ਉਹ ਵਿਆਹਿਆ ਹੋਇਆ ਸੀ, ਉਸ ਦੇ ਘਰ ਵੀ ਸੱਤ ਨਿਆਣੇ ਸਨ ਚਾਰ ਮੁੰਡੇ ਤੇ ਤਿੰਨ ਕੁੜੀਆਂ, ਘਰੋਂ ਦੋਵੇ ਭਰਾ ਬੇਸ਼ਕ ਵੱਖਰੇ ਸੀ ਪਰ ਜੁਆਕ ਤਾਂ ਇੱਕੋ ਵੇਹੜੇ ਵਿੱਚ ਖੇਡਦੇ ਹੁੰਦੇ ਸੀ, ਘਰ ਵਿੱਚ ਕੁਰਬਲ ਕੁਰਬਲ ਹੁੰਦੀ ਰਹਿੰਦੀ ਸੀ ਜਵਾਕਾਂ ਦੀ, ਛੋਟੇ ਦਿਉਰ ਤੇ ਚਾਦਰ ਪਾਉਣ ਦੀ ਗੱਲ ਹਾਲੇ, ਬੇਬੇ ਦਿਆਂ ਪੇਕਿਆਂ ਵਿੱਚ ਹੀ ਚੱਲ ਰਹੀ ਸੀ, ਬੇਬੇ ਦਾ ਵੱਡਾ ਭਰਾ ਮੇਹਰ ਸਿੰਘ ਬੋਲਿਆ ਕਿ, ਭਾਈ ਕੁੜੀ ਨੂੰ ਤਾਂ ਪੁੱਛ ਲਉ, ਉਸ ਦਾ ਕੀ ਵਿਚਾਰ ਹੈ ਅਕਸਰ ਵਸਣਾ ਤਾਂ ਉਸੇ ਨੇ ਹੀ ਹੈ, ਜੀਂਦੋ ਦੀ ਮਾਂ ਬੋਲ ਪਈ ÷ਲੈ ਸਾਰੀਆਂ ਗੱਲਾਂ ਦੇ ਫੈਸਲੇ ਪੁੱਛ ਪੁੱਛ ਕੇ ਨਹੀਂ ਕੀਤੇ ਜਾਂਦੇ, ਭਲਾ ਤੁਸੀਂ ਆਪ ਹੀ ਦਸੋਂ ਕਿ ਹੁਣ ਐਨੇ ਟੱਬਰ ਨੂੰ ਆਪਾਂ ਕਿੱਥੇ ਲੈਕੇ ਜਾਵਾਂਗੇ, ਸੁੱਖ ਨਾਲ ਉਥੇ ਕਿਹੜਾ ਟੱਬਰ ਛੋਟਾ ਹੈ, ਮਾਂ ਜੀ ਤੁਹਾਡੀ ਗੱਲ ਵੀ ਠੀਕ ਹੈ, ਪਰ ਆਪਾਂ ਇੱਕਲੇ ਵੀ ਫੈਸਲਾ ਨਹੀਂ ਲੈ ਸੱਕਦੇ, ਚੱਲੋ ਫਿਰ ਕੁਵੇਲਾ ਹੁੰਦਾ ਪਿਆ ਏ, ਪੁੱਛੋਂ ਕੁੜੀ ਨੂੰ ਕੀ ਕਹਿੰਦੀ ਹੈ ਚਾਦਰ ਪਾਉਣ ਬਾਰੇ, ਮੇਹਰ ਸਿੰਘ ਆਪਣੀ ਭੈਣ ਨੂੰ ਪਾਸੇ ਬੁਲਾ ਕੇ ਲੈ ਗਿਆ, ਬੜੇ ਪਿਆਰ ਨਾਲ ਭੈਣ ਜੀਂਦੋ ਨਾਲ ਗੱਲ ਕੀਤੀ, ਕਿ ਵੇਖ ਜਿੰਦੋਂ ਤੇਰੇ ਸਿਰ ਤੋਂ ਤੇਰੇ ਸਾਈ ਦਾ ਸਾਇਆ ਉੱਠ ਗਿਆ ਹੈ, ਪ੍ਰਾਉਣੇ ਹੁੰਦੇ ਸਾਨੂੰ ਤੇਰਾ ਬਿਲਕੁੱਲ ਫਿਕਰ ਨਹੀਂ ਸੀ, ਹੁਣ ਸਾਨੂੰ ਤੇਰੀ ਪੰਡ ਚੁੱਕਣੀ ਪੈਣੀ ਏ, ਤੈਨੂੰ ਤੇ ਤੇਰੇ ਨਿਆਣਿਆਂ ਨੂੰ ਅਸੀਂ ਆਪਣੇ ਕੋਲ ਲੈ ਵੀ ਜਾਵਾਂਗੇ, ਪੈਲੀ ਦੱਥਾ, ਘਰ, ਡੰਗਰ ਵੱਛਾ ,ਇਹਨਾਂ ਦਾ ਕੀ ਕਰਾਂਗੇ, ਭਾਉ ਮੈਨੂੰ ਬੁਝਾਰਤਾਂ ਨਾ ਪਾ ਅਸਲੀ ਗੱਲ ਦੱਸ ਕੀ ਕਹਿਣਾ ਚਾਹੁੰਦਾ ਏ, ਵੇਖ ਜੀਂਦੋ ਤੂੰ ਸਾਡੇ ਸਾਰਿਆਂ ਤੋਂ ਛੋਟੀ ਏ ਪਰ ਤੈਨੂੰ ਪੰਡ ਵੱਡੀ ਚੁੱਕਣੀ ਪੈ ਰਹੀ ਹੈ, ਬਾਕੀ ਅਸੀਂ ਸਾਰੇ ਰਲਮਿਲ ਕੇ ਤੇਰੇ ਨਾਲ ਹਾਂ ਤੇਰਾ ਦੁੱਖ ਵੰਡਾਵਾਂਗੇ, ਪਰ ਜਿਹੜੀ ਗੱਲ ਅਸੀਂ ਕਹਿਣਾ ਚਾਹੁੰਦੇ ਹਾਂ ਉਹ ਇਹ ਹੈ ਕਿ ਤੂੰ ਹਾਲੇ ਨੌਜਵਾਨ ਏ, ਅਜੇ ਬੜੀ ਉਮਰ ਪਈ ਏ ਤੇਰੀ, ਤੂੰ ਸਾਡੀ ਗੱਲ ਮੰਨ ਕੇ ਆਪਣੇ ਛੋਟੇ ਦਿਉਰ ਅਮਰ ਸਿੰਘ ਉਤੇ ਚਾਦਰ ਪਾ ਲੈ, ਦੋਵੇਂ ਦਰਾਣੀ ਜੇਠਾਣੀ ਹੁਣ ਭੈਣਾਂ-ਭੈਣਾਂ ਬਣ ਕੇ ਰਹੀ ਜਾਇਉ, ਬੱਸ ਭਾਉ ਇਸ ਤੋਂ ਅਗਲੀ ਗੱਲ ਨਾ ਕਰਿਉ, ਮੈ ਮਰਦਾਂ ਵਾਂਗੂੰ ਰਹਿ ਕੇ ਤੁਹਾਨੂੰ ਵਿਖਾਵਾਂਗੀ ,ਮੇਰਾ ਫਿਕਰ ਬਿਲਕੁੱਲ ਨਾ ਕਰਿਓ, ਮੇਰਾ ਕਿਸੇ ਪ੍ਰਕਾਰ ਦਾ ਉਲਾਬਾ ਤੁਹਾਨੂੰ ਨਹੀਂ ਆਵੇਗਾ, ਸੁੱਖ ਨਾਲ ਮੇਰੇ ਪੁੱਤਰ ਧੀਆਂ ਜਵਾਨ ਹੋ ਚਲੇ ਨੇ ਮੈ ਇਹਨਾਂ ਨੂੰ ਮੰਗਾਂਗੀ ਵਿਆਹਾਂਗੀ, ਕੀ ਹੁਣ ਮੈ ਇੱਕ ਟੱਬਰ ਦੀ ਹੋਰ ਮਾਂ ਬਣ ਜਾਵਾਂ ਬਿਲਕੁਲ ਨਹੀਂ, ਇਹ ਕੋਈ ਆਫ਼ਤ ਮੇਰੇ ਇਕਲੀ ਤੇ ਥੋੜ੍ਹੀ ਆਈ ਹੈ, ਜੇ ਭਾਊ ਰੱਬ ਨੇ ਮੁਸੀਬਤ ਪਾਈ ਹੈ ਤੇ ਕੱਢੇਗਾ ਵੀ ਉਹੀ, ਮੈਨੂੰ ਰੱਬ ਤੇ ਪੂਰਾ ਭਰੋਸਾ ਹੈ, ਮੇਰੀ ਸੱਸ ਦਾ ਵੀ ਕੰਤ ਉਹਦੀ ਜਵਾਨੀ ਵਿੱਚ ਹੀ ਸਿਰ ਤੋਂ ਉੱਠ ਗਿਆ ਸੀ, ਉਸ ਨੇ ਆਪਣੇ ਬੱਚਿਆਂ ਨੂੰ ਚਰਖਾ ਕੱਤ ਕੇ ਪਾਲ ਲਿਆ ਸੀ, ਉਹੀ ਚਰਖਾ ਮੈ ਵੀ ਸਾਂਭ ਕੇ ਰੱਖਿਆ ਹੋਇਆ ਹੈ, ਕਪਾਹ ਸਾਡੇ ਘਰ ਦੀ ਹੋ ਜਾਂਦੀ ਹੈ, ਮੈ ਵੀ ਸੂਤ ਕੱਤ ਕੇ ਖੇਸ ਦਰੀਆਂ ਉਨਕੇ ਘਰ ਚਲਾ ਲਵਾਂਗੀ, ਜਿੰਦਗੀ ਵਿਚ ਬਹੁਤ ਉਤਰਾ ਚੜ੍ਹਾ ਵੇਖੇ ਨੇ, ਮੈ ਆਪਣੀ ਸੱਸ ਨੂੰ ਵੇਖਦੀ ਹੁੰਦੀ ਸੀ ਉਹ ਸਾਰੀ ਸਾਰੀ ਰਾਤ ਚਰਖ਼ਾ ਕੱਤਦੀ ਹੁੰਦੀ ਸੀ, ਤੁਸੀਂ ਜਾਉ ਕੋਈ ਗੱਲ ਨਹੀਂ ਮੈ ਆਪੇ ਵਕਤ ਸੰਭਾਲ ਲਵਾਂਗੀ, ਮੈ ਅੱਜ ਤੋਂ ਹੀ ਬੇਬੇ ਦਾ ਚਰਖ਼ਾ ਡਾਹ ਲੈਣਾ ਹੈ,

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ ਫਿਰੋਜ਼ਪੁਰ 7589155501

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025






# ਅਸਲ ਵਿੱਚ ਜ਼ਿੰਦਗੀ ਜਿਊਣਾ ਹੀ ਜ਼ਿੰਦਗੀ ਨਹੀਂ ਹੈ, ਸਗੋਂ ਵਿਸ਼ਵਾਸ ਬਣਾਉਣਾ ਹੀ ਜ਼ਿੰਦਗੀ ਹੈ

ਜ਼ਿੰਦਗੀ ਸ਼ਬਦ ਇੱਕ ਇਹੋ ਜਿਹਾ ਸ਼ਬਦ ਹੈ ਜੋ ਕੀ ਹਰੇਕ ਵਿਅਕਤੀ ਤੇ ਵਿਅਕਤੀਗਤ ਨੂੰ ਅਲੱਗ ਅਲੱਗ ਵੇਖਣ ਤੇ ਸਮਝਣ ਦਾ ਇੱਕ ਬਹੁਤ ਹੀ ਸੋਹਣਾ ਤੇ ਸਰਲ ਤਰੀਕਾ ਬਣਕੇ ਉਭਰਦਾ ਹੈ ਤੇ ਆਪਣੀ ਅਸਲੀਅਤ ਵਿੱਚ ਵੱਖਰੀ ਪਹਿਚਾਣ ਤੇ ਛਾਪ ਛੱਡ ਜਾਂਦਾ ਹੈ।ਛੱਡੋ ਵੀ ਕਿਉਂ ਨਾ ਜ਼ਿੰਦਗੀ ਜ਼ਿੰਦਾਬਾਦ ਜੋ ਹੋਈ।

ਅਸੀਂ ਗੱਲ ਕਰ ਰਹੇ ਹਾਂ ਜ਼ਿੰਦਗੀ ਤੇ ਵਿਸ਼ਵਾਸ ਦੀ ,ਇਹਨਾਂ ਦੋਹਾਂ ਦਾ ਸਮਾਨ ਹੋਣਾ ਜਾਂ ਸਮਾਨ ਸਮਝ ਲੈਣਾ ਇਹ ਸਭ ਹਰ ਇੱਕ ਇਨਸਾਨ ਦੀ ਆਪਣੀ ਆਪਣੀ ਫ਼ਿਤਰਤ ਜਾਂ ਸੁਭਾਅ ਅਨੁਸਾਰ ਕਹਿ ਸਕਦੇ ਹਾਂ।ਜ਼ਿੰਦਗੀ ਅਸੀਂ ਤੁਸੀਂ ਪੰਛੀ ,ਜਾਨਵਰ,ਹੋਰ ਵੀ ਅਨੇਕਾਂ ਜੀਵ ਜਿਉਂਦੇ ਹਨ ਤੇ ਮਰ ਜਾਂਦੇ ਹਨ,ਕੀ ਸਾਡੇ ਜਾਂ ਜਾਨਵਰਾਂ ਦੇ ਮਰ ਜਾਣ ਤੇ ਜ਼ਿੰਦਗੀ ਖ਼ਤਮ ਹੁੰਦੀ ਹੈ ਜਾਂ ਇਨਸਾਨ ਜਾਂ ਫ਼ਿਰ ਦੋਨੋਂ ਖ਼ਤਮ ਹੋ ਜਾਂਦੇ ਹਨ ਜਾਂ ਅਸੀਂ ਖ਼ਤਮ ਕਰ ਦਿੰਦੇ ਹਾਂ। ਜ਼ਿੰਦਗੀ ਕਦੇ ਵੀ ਇਕੱਲੀ ਨਹੀਂ ਚੱਲਦੀ ਤੇ ਨਾ ਹੀ ਅਸੀਂ ਚਲਾ ਸਕਦੇ ਹਾਂ, ਜ਼ਿੰਦਗੀ ਦੇ ਨਾਲ ਨਾਲ ਸਾਡਾ ਤੇ ਦੂਸਰਿਆਂ ਦਾ ਵਿਸ਼ਵਾਸ ਵੀ ਚੱਲਦਾ ਹੈ ਜਾਂ ਇੱਕ ਦੂਜੇ ਨਾਲ ਬਣਦਾ ਹੈ, ਜੋ ਅਸੀਂ ਤੁਸੀਂ ਜ਼ਿੰਦਗੀ ਜਿਉਂਦੇ ਹਾਂ, ਉਸ ਜ਼ਿੰਦਗੀ ਵਿੱਚ ਸਾਨੂੰ ਇੱਕ ਦੂਜੇ ਦਾ ਵਿਸ਼ਵਾਸ ਜਿੱਤਣਾ ਵੀ ਜ਼ਰੂਰੀ ਹੈ। ਪਤਾ ਨਹੀਂ ਇਹ ਦੁਨੀਆਂ ਕਦੋਂ ਦੀ ਚੱਲ ਰਹੀ ਹੈ, ਇਸ ਨੂੰ ਕੋਈ ਜ਼ਿੰਦਗੀ ਨਹੀਂ ਚਲਾ ਰਹੀ ਸਗੋਂ ਇਸ ਜ਼ਿੰਦਗੀ ਨੂੰ ਤਾਂ ਇੱਕ ਦੂਜੇ ਤੇ ਕੀਤਾ ਗਿਆ ਜਾਂ ਕੀਤਾ ਜਾਣ ਵਾਲਾ ਵਿਸ਼ਵਾਸ ਹੀ ਚਲਾ ਰਿਹਾ ਹੈ ਜ਼ਿੰਦਗੀ ਨੂੰ। ਖ਼ੁਆਬ ਵੇਖਣਾ ਤੇ ਪੂਰੇ ਕਰਨੇ ਹਰੇਕ ਮਨੁੱਖ ਦਾ ਆਪਣਾ ਆਪਣਾ ਸ਼ੌਂਕ ਤੇ ਜ਼ਿੰਦਗੀ ਜਿਉਣ ਦਾ ਨਜ਼ਰੀਆ ਹੁੰਦਾ ਹੈ। ਜ਼ੇਕਰ ਅਸੀਂ ਆਪਣੀ ਜ਼ਿੰਦਗੀ ਦੇ ਜਾਂ ਉਮਰ ਦੇ ਅਨੁਸਾਰ ਅਨੁਮਾਨ ਜਾਂ ਅੰਦਾਜ਼ਾ ਲਗਾਇਆ ਜਾਵੇ ਕੀ ਜ਼ਿੰਦਗੀ ਦੀ ਉਮਰ ਲੰਮੀ ਹੁੰਦੀ ਹੈ ਜਾਂ ਫ਼ਿਰ ਵਿਸ਼ਵਾਸ ਦੀ,ਸ਼ਾਇਦ ਇੱਥੇ ਵੀ ਹਰੇਕ ਵਿਅਕਤੀ ਦੇ ਆਪਣੇ ਆਪਣੇ ਵਿਚਾਰ ਹੋ ਸਕਦੇ ਹਨ,ਪਰ ਜੇ ਮੈ ਕਹਾ ਕੀ ਜ਼ਿੰਦਗੀ ਨਾਲੋਂ ਵੱਧ ਲੰਮੀ ਉਮਰ ਵਿਸ਼ਵਾਸ ਹੁੰਦੀ ਹੈ ਤਾਂ ਕੀ ਅਸੀਂ ਤੁਸੀਂ ਉਹ ਵਿਸ਼ਵਾਸ ਬਣਾਉਣ ਜਾਂ ਕਰਨ ਵਿੱਚ ਕਿੰਨੇ ਕੁ ਪ੍ਰਤੱਖ ਹਾਂ ਜਾਂ ਸਫ਼ਲ ਹੋਏ ਹਾਂ। ਅਸੀਂ ਜ਼ਿੰਦਗੀ ਜਿਉਣ ਲਈ ਜ਼ਿੰਦਗੀ ਵਿੱਚ ਬਹੁਤ ਕੁੱਝ ਬਣਾਉਂਦੇ ਹਾਂ, ਦੋਸਤ ਮਿੱਤਰ, ਭਾਈ ਭੈਣ,ਰਿਸ਼ਤੇ ਨਾਤੇ, ਹੋਰ ਵੀ ਜੋ ਸਾਡੀ ਸ਼ਰੀਰਕ ਲੋੜ ਹੋਵੇ ਅਸੀਂ ਪੂਰੀ ਕਰਦੇ ਹਾਂ ,ਪਰ ਕੀ ਅਸੀਂ ਤੁਸੀਂ ਆਪਣੀਆਂ ਲੋੜਾਂ ਦੀ ਪੂਰਤੀ ਵਾਂਗੂ ਕੀ ਅਸੀਂ.. ?ਐਨੀ ਜ਼ਿੱਦ ਜਹਿਦ ਇੱਕ ਵਿਸ਼ਵਾਸ ਬਣਾਉਣ ਲਈ ਕਰਦੇ ਹਾਂ ਸ਼ਾਇਦ ਨਹੀਂ ਕਰਦੇ,ਹਾਂ ਅਸੀਂ ਵਿਸ਼ਵਾਸ ਬਣਾਉਣ ਦੀ ਥਾਵੇਂ ਵਿਸ਼ਵਾਸ ਤੋੜਨ ਵਿੱਚ ਜ਼ਰੂਰ ਯਕੀਨ ਰੱਖਦੇ ਹਾਂ ,ਪਰ ਵਿਸ਼ਵਾਸ ਬਣਾਉਣ ਵਿੱਚ ਅਸੀਂ ਕਦੇ ਰੁੱਚੀ ਰੱਖਦੇ ਹੀ ਨਹੀਂ। ਕੀ ਅਸੀਂ ਜ਼ਿੰਦਗੀ ਮਤਲਬ ਲਈ ਜਾਂ ਮਤਲਬ ਵਾਸਤੇ ਜਿਉਂਦੇ ਹਾਂ ,ਕੀ ਅਸੀਂ ਜ਼ਿੰਦਗੀ ਵਿਸ਼ਵਾਸ ਲਈ ਨਹੀਂ ਜੀਅ ਸਕਦੇ ,ਕੀ ਅਸੀਂ ਤੁਸੀਂ ਜ਼ਿੰਦਗੀ ਵਿੱਚ ਬੇਸ਼ਕੀਮਤੀ ਵਿਸ਼ਵਾਸ ਗਵਾਉਣ ਵਿੱਚ ਲੱਗੇ ਹੋਏ ਹਾਂ, ਵਿਸ਼ਵਾਸ ਗਵਾਉਣ ਦੀ ਥਾਵੇਂ ਅਸੀਂ ਵਿਸ਼ਵਾਸ ਬਣਾਉਂਦੇ ਕਿਉਂ ਨਹੀਂ.. ?ਹੁਣ ਤੱਕ ਸਾਡੇ ਆਪਣਿਆਂ ਦੀ ਜ਼ਿੰਦਗੀ ਖ਼ਤਮ ਹੋ ਗਈ ਹੋਵੇਂਗੀ ਭਾਵ ਦੁਨੀਆਂ ਤੋਂ ਸੁਰਗ ਸੁਧਾਰ ਗਏ ਹੋਂਣਗੇ,ਜ਼ੇਕਰ ਉਹਨਾਂ ਨੇ ਸਾਡੇ ਲਈ ਜ਼ਿੰਦਗੀ ਸਿਰਫ਼ ਤੇ ਸਿਰਫ਼ ਜਿਉਣੀ ਸਿੱਖੀ ਹੈ ਤਾਂ ਅਸੀਂ ਉਹਨਾਂ ਨੂੰ ਸਮੇਂ ਦੇ ਨਾਲ ਨਾਲ ਭੁੱਲ ਜਾਵਾਂਗੇ,ਪਰ ਜ਼ੇਕਰ ਉਹਨਾਂ ਨੇ ਸਾਡੇ ਲਈ ਵਿਸ਼ਵਾਸ ਬਣਾਇਆ ਹੈ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਉਹਨਾਂ ਨੂੰ ਨਹੀਂ ਭੁਲਾ ਸਕਣਗੀਆਂ। ਸਾਨੂੰ ਸਭ ਨੂੰ ਜ਼ਿੰਦਗੀ ਜਿਉਣ ਦੇ ਨਾਲ ਨਾਲ ਵਿਸ਼ਵਾਸ ਵਾਲਾ ਵੀ ਰਿਸ਼ਤਾ ਗੂੜਾ ਤੇ ਮਜ਼ਬੂਤ ਬਣਾਉਣਾ ਪਵੇਗਾ, ਸਾਨੂੰ ਵਿਸ਼ਵਾਸ ਤੋੜਨ ਦੀ ਜਗਾ ਵਿਸ਼ਵਾਸ ਬਣਾਉਣਾ ਚਾਹੀਦਾ ਹੈ, ਕਿਉਂਕਿ ਵਿਸ਼ਵਾਸ ਹੀ ਹੈ ਜ਼ੋ ਜ਼ਿੰਦਗੀ ਚਲਾ ਰਿਹਾ ਹੈ, ਜ਼ਿੰਦਗੀ ਵਿਸ਼ਵਾਸ ਨਹੀਂ ਚਲਾ ਰਹੀ ,ਸੋ ਸਾਨੂੰ ਸਾਰਿਆਂ ਨੂੰ ਹੀ ਆਪਣੀਆਂ ਜ਼ਿੰਦਗੀ ਵਿੱਚ ਵਿਸ਼ਵਾਸ ਜੋੜਨਾ ਤੇ ਬਣਾਉਣਾ ਚਾਹੀਦਾ ਹੈ ,ਇੱਕ ਮਜ਼ਬੂਤ ਵਿਸ਼ਵਾਸ ਨਾਲ ਹੀ ਅਸੀਂ ਵਧੀਆਂ ਜ਼ਿੰਦਗੀ ਦਾ ਅਨੰਦ ਮਾਣ ਸਕਦੇ ਹਾਂ। ਵਿਸ਼ਵਾਸ ਗਿਆ ਹੋਇਆ ਕਦੇ ਵੀ ਵਾਪਸ ਨਹੀਂ ਆਉਂਦਾ ,ਅਸੀਂ ਧੰਨ ਦੌਲਤ ਦੁਬਾਰਾ ਬਣਾ ਲਵਾਂਗੇ ਪਰ ਇੱਕ ਵਾਰ ਗਿਆ ਹੋਇਆ ਵਿਸ਼ਵਾਸ ਬਣਾਉਣਾ ਬਹੁਤ ਹੀ ਔਖਾ ਹੈ।ਇਸ ਲਈ ਜੋ ਮਰਜ਼ੀ ਜ਼ਿੰਦਗੀ ਵਿੱਚੋਂ ਚਲਾ ਜਾਵੇ ,ਪਰ ਆਪਣਾ ਤੇ ਦੂਸਰੇ ਦਾ ਕਦੇ ਵੀ ਵਿਸ਼ਵਾਸ ਨਾ ਜਾਣ ਦਿਉ।

**ਲਿਖ਼ਤ ...ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

# ‘ਅੱਖਰਕਾਰੀ ਮੁਹਿੰਮ’ ਸਿੱਖਿਆ ਵਿਭਾਗ ਦਾ ਸ਼ਲਾਘਾਯੋਗ ਕਦਮ




ਸਿੱਖਿਆ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਅਧਿਆਪਕਾਂ ਦੇ ਗਿਆਨ ਵਿੱਚ ਨਵੀਨਤਾ ਲਈ ਵਿਭਾਗ ਵੱਲੋਂ ਨਿਵੇਕਲਾ ਉਪਰਾਲਾ ਕਰਦਿਆਂ ‘ਅੱਖਰਕਾਰੀ ਮੁਹਿੰਮ’ ਤਹਿਤ 27 ਨਵੰਬਰ ਤੋਂ 5 ਦਸੰਬਰ ਤੱਕ ਅਧਿਆਪਕਾਂ ਦੀ ਸੁੰਦਰ ਲਿਖਾਈ ਲਈ ਬਲਾਕ ਪੱਧਰ ਤੇ ਵੈਬੀਨਾਰ ਰਾਹੀਂ ਸੱਤ ਰੋਜ਼ਾ ਵਰਕਸ਼ਾਪ ਲਗਾਈ ਜਾ ਰਹੀ ਹੈ। ਪੂਰੇ ਪੰਜਾਬ ਦੇ ਪ੍ਰਾਇਮਰੀ ਅਧਿਆਪਕ ਪੂਰੇ ਜੋਸ਼, ਮਿਹਨਤ ਅਤੇ ਲਗਨ ਨਾਲ ਇਸ ਮੁਹਿੰਮ ਦਾ ਲਾਭ ਉਠਾ ਰਹੇ ਹਨ ।ਅਧਿਆਪਕ ਹਰ ਰੋਜ਼ ਟ੍ਰੇਨਿੰਗ ਤੋਂ ਬਾਅਦ ਦਿੱਤੀ ਗਈ ਟ੍ਰੇਨਿੰਗ ਦਾ ਅਭਿਆਸ ਕਰਦੇ ਹਨ । ਵ੍ਹੱਟਸਐਪ ਗਰੁੱਪਾਂ ਵਿੱਚ ਇਸ ਮੁਹਿੰਮ ਦੇ ਨਤੀਜੇ ਅਧਿਆਪਕਾਂ ਦੀਆਂ ਸੁੰਦਰ ਲਿਖਤਾਂ ਦੇ ਰੂਪ ਵਿੱਚ ਸਾਹਮਣੇ ਆਉਣੇ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਗਏ ਹਨ । ਇਕ ਅਧਿਆਪਕ ਦੀ ਸੁੰਦਰ ਲਿਖਤ ਅਧਿਆਪਕ ਦੁਆਰਾ ਆਪਣੇ ਜੀਵਨ ਵਿੱਚ ਪੜ੍ਹਾਏ ਜਾ ਰਹੇ ਹਜ਼ਾਰਾਂ ਬੱਚਿਆਂ ਦੀ ਲਿਖਤ ਨੂੰ ਸੁੰਦਰ ਬਣਾਵੇਗੀ ।

ਅਕਸਰ ਮਾਂ ਬਾਪ ਬੱਚਿਆਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਫ ਸੁਥਰਾ ਲਿਖਿਆ ਕਰੋ। ਸਾਫ ਸੁਥਰਾ ਲਿਖਣ ਨਾਲ ਤੁਹਾਡੇ ਵਧੀਆ ਨੰਬਰ ਆਉਣਗੇ। ਸਕੂਲਾਂ ਵਿਚ ਟੀਚਰ ਵੀ ਬੱਚਿਆਂ ‘ਤੇ ਜ਼ੋਰ ਦਿੰਦੇ ਹਨ ਕਿ ਤੁਹਾਡੀ ਲਿਖਾਈ ਸਾਫ਼ ਸੁਥਰੀ ਹੋਣੀ ਚਾਹੀਦੀ ਹੈ।

ਜੇ ਸੁੰਦਰ ਲਿਖਾਈ ਹੋਵੇਗੀ ਤਾਂ ਤੁਸੀਂ ਪ੍ਰੀਖਿਆਵਾਂ ਵਿੱਚ ਵਧੀਆ ਨੰਬਰ ਲੈ ਸਕੋਗੇ। ਇਸ ਤਰ੍ਹਾਂ ਦੀਆਂ ਪ੍ਰੇਰਣਾਵਾਂ ਤਾਂ ਬੱਚਿਆਂ ਨੂੰ ਆਮ ਦਿੱਤੀਆਂ ਜਾਂਦੀਆਂ ਹਨ ਪਰ ਦੇਖਣ ਵਿਚ ਇਹ ਆਉਂਦਾ ਹੈ ਕਿ ਜ਼ਿਆਦਾਤਰ ਬੱਚਿਆਂ ਦੀ ਲਿਖਾਈ ਸਾਫ਼-ਸੁਥਰੀ ਨਹੀਂ ਹੁੰਦੀ ਹੈ। ਚਾਹੇ ਉਨ੍ਹਾਂ ਨੂੰ ਪੂਰਾ ਪੇਪਰ ਆਉਂਦਾ ਹੈ, ਫਿਰ ਵੀ ਉਹ ਸਾਫ਼-ਸੁਥਰੀ ਲਿਖਾਈ ਕਰਕੇ ਵਧੀਆ ਨੰਬਰ ਨਹੀਂ ਲੈ ਪਾਉਂਦੇ। ਜਿਸ ਕਾਰਨ ਉਹ ਮੈਰਿਟ ਵਿੱਚ ਨਹੀਂ ਆਉਂਦੇ। ਜੇਕਰ ਬੱਚੇ ਨੂੰ ਬਚਪਨ ਵਿੱਚ ਹੀ ਸੁੰਦਰ ਲਿਖਤ ਦਾ ਅਭਿਆਸ ਕਰਵਾਇਆ ਜਾਵੇ ਤਾਂ ਉਸ ਨੂੰ ਆਪਣੀ ਪੜ੍ਹਾਈ ਦੌਰਾਨ ਤਾਂ ਕੀ ਆਪਣੀ ਜ਼ਿੰਦਗੀ ਦੇ ਕਿਸੇ ਮੁਕਾਮ ਤੇ ਵੀ ਆਪਣੀ ਲਿਖਤ ਪੱਖੋਂ ਕਦੇ ਵੀ ਕੋਈ ਨੁਕਸਾਨ ਜਾਂ ਰੁਸਵਾਈ ਨਹੀਂ ਝੱਲਣੀ ਪਵੇਗੀ ।

ਆਸ ਕਰਦੇ ਹਾਂ ਕਿ ਭਵਿੱਖ ਵਿੱਚ ਇਸ ਮੁਹਿੰਮ ਦੇ ਵਧੀਆ ਨਤੀਜੇ ਸਾਡੇ ਸਾਹਮਣੇ ਆਉਣਗੇ ਅਤੇ ਸਾਡੇ ਪਿਆਰੇ ਪਿਆਰੇ ਬੱਚੇ ਵੀ ਅਧਿਆਪਕਾਂ ਰਾਹੀਂ ਆਪਣੇ ਸੁਨਹਿਰੀ ਸੁਪਨਿਆਂ ਨੂੰ ਆਪਣੀਆਂ ਸੁੰਦਰ ਲਿਖਤਾਂ ਨਾਲ ਪੂਰਾ ਕਰਨਗੇ ।

**ਜਤਿੰਦਰ ਭੁੱਚੋ**
**9501475400**

# ਅੱਖਰਕਾਰੀ : ਇੱਕ ਕਦਮ ਨਿਪੁੰਨਤਾ ਵੱਲ

ਸਿੱਖਣ ਕਲਾ ਜਨਮ ਤੋਂ ਲੈ ਕੇ ਮ੍ਰਿਤੂ ਤੱਕ ਚੱਲਦੀ ਰਹਿੰਦੀ ਹੈ। ਇਸ ਵਿੱਚ ਕਦੇ ਖੜੋਤ ਨਹੀਂ ਆਉਂਦੀ। ਅੱਜ ਭਾਵੇਂ ਕੰਪਿਊਟਰ ਦਾ ਯੁੱਗ ਹੈ ਅਤੇ ਲਿਖਣ ਦੀਆਂ ਵੱਖ - ਵੱਖ ਤਕਨੀਕਾਂ ਦਾ ਈਜ਼ਾਦ ਹੋ ਚੁੱਕਾ ਹੈ , ਪ੍ਰੰਤੂ ਸੁੰਦਰ ਹੱਥ - ਲਿਖਤ ਦੀ ਆਪਣੀ ਵੱਖਰੀ ਅਹਿਮੀਅਤ , ਵਿਸ਼ੇਸ਼ਤਾ , ਪਹਿਚਾਣ , ਪ੍ਰਭਾਵ ਅਤੇ ਆਪਣੀ ਹੀ ਇੱਕ ਦੁਨੀਆਂ ਹੈ। ਇਸ ਤੋਂ ਇਲਾਵਾ ਸੁੰਦਰ ਹੱਥ ਲਿਖਤ ਸਾਡੀ ਸ਼ਖ਼ਸੀਅਤ ਦਾ ਵੀ ਆਈਨਾ ਹੁੰਦੀ ਹੈ। ਸੁੰਦਰ ਹੱਥ ਲਿਖਤ ਨੂੰ ਸਹੀ ਦਿਸ਼ਾ ਤੇ ਦਸ਼ਾ ਦੇਣ ਲਈ ਪ੍ਰਾਇਮਰੀ ਪੱਧਰ ਦੀ ਸਕੂਲੀ ਪੜ੍ਹਾਈ ਦੀ ਬਹੁਤ ਮਹੱਤਤਾ ਹੈ।ਇਸ ਪੱਧਰ ‘ਤੇ ਹੀ ਵਿਦਿਆਰਥੀ ਦੀ ਪੜ੍ਹਾਈ ਅਤੇ ਲਿਖਾਈ ਦੀ ਨੀਂਹ ਮਜ਼ਬੂਤੀ ਨਾਲ ਰੱਖੀ ਜਾ ਸਕਦੀ ਹੈ। ਅੱਜ ਭਾਵੇਂ ਫੱਟੀਆਂ , ਕਲਮ ਤੇ ਦਵਾਤਾਂ ਦੇ ਸਮੇਂ ਲੱਦ ਗਏ ਹਨ , ਪਰ ਫਿਰ ਵੀ ਜੈੱਲ ਪੈੱਨ , ਪੈਨਸਿਲਾਂ ਅਤੇ ਨਿੱਬ ਵਾਲੇ ਸਿਆਹੀ ਦੇ ਪੈਨਾਂ ਦੇ ਨਾਲ ਸੁੰਦਰ ਲਿਖਾਈ ਬਣਾਉਣ ਦਾ ਉਪਰਾਲਾ ਕੀਤਾ ਜਾ ਸਕਦਾ ਹੈ। ਇਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ " ਅੱਖਰਕਾਰੀ " ਮੁਹਿੰਮ ਤਹਿਤ ਸੁੰਦਰ ਲਿਖਾਈ ਸਬੰਧੀ ਅਧਿਆਪਕਾਂ ਦੇ ਆੱਨਲਾਈਨ ਸੈਮੀਨਾਰ ਲਗਾਏ ਜਾ ਰਹੇ ਹਨ , ਜੋ ਕਿ ਇਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਵਿੱਚ ਵੱਖ - ਵੱਖ ਨਿਪੁੰਨ ਅਧਿਆਪਕ ਅਤੇ ਮਾਹਿਰ ਲਿਖਾਈ ਸਬੰਧੀ ਨਵੀਆਂ ਤਕਨੀਕਾਂ ਤੋਂ ਅਧਿਆਪਕਾਂ ਨੂੰ ਜਾਣੂੰ ਕਰਵਾਉਂਦੇ ਹਨ ਅਤੇ ਰਿਸੋਰਸ ਪਰਸਨ ਵੀ ਇਨ੍ਹਾਂ ਸੈਮੀਨਾਰਾਂ ਵਿਚ ਯੋਗ ਅਗਵਾਈ ਪ੍ਰਦਾਨ ਕਰਦੇ ਹਨ।ਇਸ ਨਾਲ ਜਿੱਥੇ ਸਕੂਲ ਅਧਿਆਪਕਾਂ ਦੀ ਲਿਖਾਈ ਸੁੰਦਰ ਤੇ ਵਿਲੱਖਣ ਦਿੱਖ ਵਾਲੀ ਬਣੇਗੀ , ਉੱਥੇ ਹੀ ਇਸ ਦਾ ਸਿੱਧੇ ਅਤੇ ਅਸਿੱਧੇ ਤੌਰ ‘ਤੇ ਪ੍ਰਭਾਵ ਵਿਦਿਆਰਥੀਆਂ ਦੀ ਸੁੰਦਰ ਲਿਖਾਈ , ਉਨ੍ਹਾਂ ਦੀ ਪੜ੍ਹਾਈ ਅਤੇ ਉਨ੍ਹਾਂ ਦੀ ਸ਼ਖ਼ਸੀਅਤ ‘ਤੇ ਵੀ ਪਵੇਗਾ। ਸਿੱਟੇ ਵਜੋਂ ਵਿਦਿਆਰਥੀਆਂ ਵਿਚ ਪੜ੍ਹਾਈ - ਲਿਖਾਈ ਸੰਬੰਧੀ ਇੱਕ ਨਵੀਂ ਉਮੰਗ - ਤਰੰਗ , ਸਵੈ - ਵਿਸ਼ਵਾਸ ਅਤੇ ਉਤਸ਼ਾਹ ਪੈਦਾ ਹੋਵੇਗਾ। ਸੱਚਮੁੱਚ ਸਕੂਲ ਸਿੱਖਿਆ ਵਿਭਾਗ ਪੰਜਾਬ ਦਾ ਇਹ ਉਪਰਾਲਾ ਸਮੁੱਚੇ ਅਧਿਆਪਕ ਅਤੇ ਵਿਦਿਆਰਥੀ ਵਰਗ ਲਈ ਇੱਕ ਵਰਦਾਨ ਸਾਬਿਤ ਹੋਵੇਗਾ ਅਤੇ ਉਚੇਰੀਆਂ ਵਿੱਦਿਅਕ ਪ੍ਰਾਪਤੀਆਂ ਵਿੱਚ ਅਹਿਮ ਭੂਮਿਕਾ ਨਿਭਾਵੇਗਾ। ਸਾਮਵੇਦ ਵਿੱਚ ਵੀ ਕਿਹਾ ਗਿਆ ਹੈ :

" ਇਮਾ ਉ ਤਵਾ ਪੁਰੂਵਸੋਭੀ ਪਰੱ ਨੋਨੂ ਵੁਰਗਿਰਾ।
ਗਾਵੋ ਵਤਸੰਮ ਨਾ ਧੇਨਵਾ ।।"

**ਲੇਖਕ ਮਾਸਟਰ ਸੰਜੀਵ ਧਰਮਾਣੀ .**
**ਸ੍ਰੀ ਅਨੰਦਪੁਰ ਸਾਹਿਬ .**
**9478561356.**

# ਸੁੰਦਰ ਲਿਖਣਾ ਵੀ ਇੱਕ ਕਲਾ ਹੈ

ਸਾਫ ਲਿਖਣਾ ਵੀ ਇੱਕ ਕਲਾ ਹੈ । ਆਪਣੀ ਸੁੰਦਰ ਲਿਖਾਈ ਨਾਲ ਪ੍ਰੀਖਿਆਵਾਂ ਪਾਸ ਕਰਕੇ ਹੀ ਬੰਦਾ ਨਿਰਧਾਰਿਤ ਟੀਚੇ ਤੇ ਪਹੁੰਚਦਾ ਹੈ ।ਅਕਸਰ ਅਸੀਂ ਆਮ ਸੁਣਦੇ ਹਨ ਕਿ ਸੁੰਦਰ ਲਿਖਾਈ ਤੋਂ ਇਨਸਾਨ ਦੀ ਸ਼ਖ਼ਸੀਅਤ ਦਾ ਪਤਾ ਲੱਗ ਜਾਂਦਾ ਹੈ। ਬੰਦੇ ਦੇ ਵਿਚਾਰ ਕਿਸ ਤਰ੍ਹਾਂ ਦੇ ਹਨ ।ਕਿਸ ਤਰ੍ਹਾਂ ਉਸ ਦਾ ਸਮਾਜ ਵਿੱਚ ਵਿਚਰਨਾ ਹੈ ।ਅਕਸਰ ਮਾਂ ਬਾਪ ਬੱਚਿਆਂ ਨੂੰ ਕਹਿੰਦੇ ਹਨ ਕਿ ਤੁਸੀਂ ਸਾਫ ਸੁਥਰਾ ਲਿਖਿਆ ਕਰੋ। ਸਾਫ ਸੁਥਰਾ ਲਿਖਣ ਨਾਲ ਤੁਹਾਡੇ ਵਧੀਆ ਨੰਬਰ ਆਉਣਗੇ ।ਸਕੂਲਾਂ ਵਿਚ ਟੀਚਰ ਵੀ ਬੱਚਿਆਂ ਤੇ ਜ਼ੋਰ ਦਿੰਦੇ ਹਨ ਕਿ ਤੁਹਾਡੀ ਲਿਖਾਈ ਸਾਫ਼ ਸੁਥਰੀ ਹੋਣੀ ਚਾਹੀਦੀ ਹੈ। ਜੇ ਸੁੰਦਰ ਲਿਖਾਈ ਹੋਵੇਗੀ ਤਾਂ ਤੁਸੀਂ ਪ੍ਰੀਖਿਆਵਾਂ ਵਿੱਚ ਵਧੀਆ ਨੰਬਰ ਲੈ ਸਕੋਗੇ ।ਇਸ ਤਰ੍ਹਾਂ ਦੀਆਂ ਪ੍ਰੇਰਣਾਵਾਂ ਤਾਂ ਬੱਚਿਆਂ ਨੂੰ ਆਮ ਦਿੱਤੀਆਂ ਜਾਂਦੀਆਂ ਹਨ ।ਪਰ ਦੇਖਣ ਵਿਚ ਇਹ ਆਉਂਦਾ ਹੈ ਕਿ ਜ਼ਿਆਦਾਤਰ ਬੱਚਿਆਂ ਦੀ ਲਿਖਾਈ ਸਾਫ ਸੁਥਰੀ ਨਹੀਂ ਹੁੰਦੀ ਹੈ ।ਚਾਹੇ ਉਨ੍ਹਾਂ ਨੂੰ ਪੂਰਾ ਪੇਪਰ ਆਉਂਦਾ ਹੈ ,ਫਿਰ ਵੀ ਉਹ ਸਾਫ਼ ਸੁਥਰੀ ਲਿਖਾਈ ਕਰਕੇ ਵਧੀਆ ਨੰਬਰ ਲੈ ਨਹੀਂ ਪਾਉਂਦੇ ।ਜਿਸ ਕਾਰਨ ਉਹ ਮੈਰਿਟ ਵਿੱਚ ਨਹੀਂ ਆਉਂਦੇ। ਸਿਰਫ ਫਸਟ ਡਿਵੀਜ਼ਨ ਹੀ ਲੈ ਕੇ ਪਾਸ ਹੋ ਜਾਂਦੇ ਹਨ ।ਆਮ ਕਹਾਵਤ ਵੀ ਹੈ ਕਿ ਸੁੰਦਰ ਲਿਖਾਈ ਤੋਂ ਬੰਦੇ ਦੀ ਸ਼ਖਸੀਅਤ ਦਾ ਪਤਾ ਚੱਲਦਾ ਹੈ। ਕਈ ਵਿਦਿਆਰਥੀ, ਕਈ ਇਨਸਾਨ ਇੰਨਾ ਸੋਹਣਾ ਲਿਖਦੇ ਹਨ ਕਿ ਜਿਵੇਂ ਉਨ੍ਹਾਂ ਨੇ ਮੋਤੀ ਹੀ ਪਰੋ ਦਿੱਤੇ ਹਨ। ਅਜਿਹੇ ਵਿਦਿਆਰਥੀ ਪ੍ਰੀਖਿਆਵਾਂ ਵਿਚ ਬਹੁਤ ਹੀ ਵਧੀਆ ਪ੍ਰਦਰਸ਼ਨ ਦਿਖਾਉਂਦੇ ।ਜੋ ਪੇਪਰ ਚੈੱਕ ਕਰਨ ਵਾਲਾ ਹੁੰਦਾ ਹੈ, ਜੇ ਸਾਫ਼ ਸੁਥਰੀ ਲਿਖਾਈ ਹੁੰਦੀ ਹੈ, ਤਾਂ ਜਲਦੀ ਜਲਦੀ ਪੇਪਰ ਵੀ ਚੈੱਕ ਹੋ ਜਾਂਦਾ ਹੈ ਤੇ ਬੱਚੇ ਦੇ ਵਧੀਆ ਨੰਬਰ ਵੀ ਆ ਜਾਂਦੇ ਹਨ। ਕਈ ਵਾਰ ਬੱਚੇ ਇੰਨਾ ਗੰਦਾ ਲਿਖ ਕੇ ਆਉਂਦੇ ਹਨ, ਹਾਲਾਂਕਿ ਉਹ ਸਹੀ ਹੀ ਲਿਖਿਆ ਹੁੰਦਾ ਹੈ, ਫਿਰ ਵੀ ਜੋ ਪੇਪਰ ਚੈੱਕ ਕਰਨ ਵਾਲਾ ਹੁੰਦਾ ਹੈ, ਉਸ ਦੀ ਰੂਹ ਖੁਸ਼ ਨਹੀਂ ਹੁੰਦੀ ।ਜਿਸ ਕਰਕੇ ਉਹ ਉਨ੍ਹਾਂ ਨੂੰ ਬਹੁਤ ਹੀ ਘੱਟ ਨੰਬਰ ਦੇ ਕੇ ਪਾਸ ਕਰਦਾ ਹੈ । ਕਈ ਅਫ਼ਸਰਾਂ ਦੀ ਲਿਖਾਈ ਇੰਨੀ ਸੁੰਦਰ ਹੁੰਦੀ ਹੈ ਕਿ ਉਸ ਦੀ ਲਿਖਾਈ ਦੇ ਸਾਰੇ ਪਾਸੇ ਚਰਚਾ ਹੁੰਦੇ ਹਨ ।ਪ੍ਰਸ਼ਾਸਨਿਕ ਆਰਮੀ ,ਏਅਰਫੋਰਸ ਅਧਿਕਾਰੀਆਂ ਦੀ ਲਿਖਾਈ ਖਿੱਚ ਦਾ ਕੇਂਦਰ ਹੁੰਦੀ ਹੈ । ਜੋ ਸਿਵਲ ਪ੍ਰੀਖਿਆਵਾਂ ਦੀ ਤਿਆਰੀ ਕਰਦੇ ਹਨ ,ਉਹ ਵਾਰ ਵਾਰ ਲਿਖ ਕੇ ਦੇਖਦੇ ਹਨ ।ਸਭ ਨੂੰ ਹੀ ਪਤਾ ਹੈ ਕਿ ਪੰਦਰਾਂ ਤੋਂ ਅਠਾਰਾਂ ਘੰਟੇ ਤਿਆਰੀ ਕਰਨੀ ਪੈਂਦੀ ਹੈ ।ਜਿਸ ਕਾਰਨ ਉਹ ਪੇਪਰਾਂ ਵਿੱਚ ਹੀ ਮੋਤੀ ਪਰੋ ਦਿੰਦੇ ਹਨ ।ਤੇ ਅੱਗੇ ਚੱਲ ਕੇ ਸਮਾਜ ਲਈ ,ਬੱਚਿਆਂ ਲਈ ਉਦਾਹਰਨ ਬਣਦੇ ਹਨ ।ਜਿਨ੍ਹਾਂ ਬੱਚਿਆਂ ਦੀ ਲਿਖਾਈ ਬਿਲਕੁਲ ਵੀ ਸੁੰਦਰ ਨਹੀਂ ਹੈ ,ਉਹ ਹਰ ਰੋਜ਼ ਆਪਣੇ ਘਰ ਬੈਠ ਕੇ ਸੁੰਦਰ ਲਿਖਾਈ ਲਈ ਕੋਸ਼ਿਸ਼ ਕਰਨ ।ਜੋ ਵੀ ਉਹ ਯਾਦ ਕਰਦੇ ਹਨ ਉਸ ਨੂੰ ਉਹ ਲਿਖ ਕੇ ਦੇਖਣ। ਇੱਕ ਤਾਂ ਉਨ੍ਹਾਂ ਨੂੰ ਉਹ ਟਾਪਿਕ ਕਦੇ ਵੀ ਨਹੀਂ ਭੁੱਲੇਗਾ ਤੇ ਦੂਜਾ ਉਨ੍ਹਾਂ ਦੀ ਲਿਖਾਈ ਵੀ ਸਾਫ਼ ਸੁਥਰੀ ਹੋਵੇਗੀ । ਮਾਂ ਬਾਪ ਬੱਚਿਆਂ ਨੂੰ ਪ੍ਰੇਰਿਤ ਕਰਨ ਕਿ ਜੋ ਵੀ ਉਨ੍ਹਾਂ ਨੇ ਯਾਦ ਕਰਨਾ ਹੈ, ਉਸ ਨੂੰ ਜ਼ਰੂਰ ਲਿਖਣ। ਜਿਸ ਨਾਲ ਉਨ੍ਹਾਂ ਦੀ ਲਿਖਾਈ ਬਹੁਤ ਹੀ ਜ਼ਿਆਦਾ ਸੁੰਦਰ ਬਣ ਜਾਵੇਗੀ ।ਇਸੇ ਲਿਖਾਈ ਦੇ ਜ਼ਰੀਏ ਉਹ ਆਪਣੀ ਮੰਜ਼ਿਲ ਨੂੰ ਵਧੀਆ ਸਰ ਕਰ ਲੈਣਗੇ। ਸੋ ਸੁੰਦਰ ਲਿਖਾਈ ਤੋਂ ਹੀ ਬੰਦੇ ਦੀ ਚੰਗੀ ਸਖਸ਼ੀਅਤ ਹੋਣ ਦਾ ਪਤਾ ਲੱਗਦਾ ਹੈ ।



**ਸੰਜੀਵ ਸਿੰਘ ਸੈਣੀ, ਮੁਹਾਲੀ**

# ਸਵਰਗ ਦਾ ਪਰਾਏਵਾਚੀ ਹੈ ਸ਼ਹਿਰ ਕਿਨੌਰ, ਹਿਮਾਚਲ



ਬਲਵਿੰਦਰ ਬਾਲਮ ਗੁਰਦਾਸਪੁਰ
98156-25409

ਸਵਰਗ ਦੇ ਪਰਾਏਵਾਚੀ ਹੈ ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਮਨਮੋਹਣਾ ਪਹਾੜੀ ਇਲਾਕੇ ਵਾਲਾ ਸ਼ਹਿਰ ਕਿਨੌਰ। ਚੰਡੀਗੜ ਤੋਂ ਸ਼ਿਮਲਾ ਅਤੇ ਸ਼ਿਮਲੇ ਤੋਂ ਕਿਨੌਰ ਜਾਇਆ ਜਾ ਸਕਦਾ ਹੈ। ਚੰਡੀਗੜ ਤੋਂ ਕਿਨੌਰ ਤਕ ਦਾ ਸਫ਼ਰ ਬਹੁਤ ਲੁਭਾਵਣਾ ਹੈ। ਪਹਾੜੀ ਦ੍ਰਿਸ਼ ਮਨ ਨੂੰ ਛੂਹ-ਛੂਹ ਜਾਂਦੇ ਹਨ ਚੰਡੀਗੜ ਤੋਂ ਕਾਲਿਕਾ ਅਤੇ ਕਾਲਿਕਾ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਪਹਾੜਾਂ ਦੀ ਹਰਿਆਲੀ, ਰੁੱਖ, ਟੇਢੇ-ਮੇਢੇ, ਢਲਾਊ, ਚੜ੍ਹਾਊ ਰੋਮਾਂਟਿਕ ਰਸਤੇ ਦਿਲ ਨੂੰ ਮੋਹ ਮੋਹ ਜਾਂਦੇ ਹਨ। ਲੁਕਵੇਂ ਅਤੇ ਨਾਟਕੀ ਢੰਗ ਨਾਲ ਆਉਂਦੇ ਦ੍ਰਿਸ਼ ਚੰਗੇ ਲਗਦੇ ਹਨ। ਰਸਤੇ ਵਿਚ ਦਰਿਆ, ਝਰਨੇ, ਬਾਗ, ਹਰਿਆਵਲ, ਤਰਾਂ-ਤਰਾਂ ਦੇ ਫਲ-ਫੁਲ, ਪੰਛੀ, ਜਾਨਵਰ ਅਤੇ ਅਸਮਾਨ 'ਚ ਬਦਲਾਂ ਦੇ ਅਕ੍ਰਿਤੀਕਾਰੀ ਦ੍ਰਿਸ਼ ਸਵਰਗ ਦੇ ਕੋਲ ਕੋਲ ਲੈ ਜਾਂਦੇ ਹਨ। ਕਵਿਤਾ-ਕਹਾਣੀਆਂ ਵਰਗੇ ਦ੍ਰਿਸ਼, ਜਿਵੇਂ ਕੁਦਰਤ ਨੇ ਕੋਈ ਖ਼ੂਬਸੂਰਤ ਕਵਿਤਾ ਲਿਖ ਦਿੱਤੀ ਹੋਵੇ। ਸੁੰਦਰ ਕੁਦਰਤ ਤੇ ਸਮੇਂ ਵਿਚ ਕੁਦਰਤ ਧਰਤੀ 'ਤੇ ਆਪਣੇ ਮੰਗਲਮਈ ਹਸਤਾਖਸ਼ਰ ਕਰਦੀ ਨਜ਼ਰ ਆਉਂਦੀ ਹੈ। ਕੁਦਰਤ ਦੀ ਸ਼ਿਲਪਕ ਕਲਾਕਾਰੀ ਕਿਸੇ ਸ਼ਿਸਟਤਾ ਨੂੰ ਜਨਮ ਦਿੰਦੀ ਨਜ਼ਰ ਆਉਂਦੀ ਹੈ। ਹਿਮਾਚਲ, ਪ੍ਰੀਯੇ ਦਰਸ਼ਨ ਦਾ ਅਭਿਲਾਸ਼ੀ ਹੈ। ਅਗਰ ਅਚਾਨਕ ਬਾਰਿਸ਼ ਆ ਜਾਵੇ ਤਾਂ ਕੁਦਰਤ ਦੀ ਗੋਦ ਵਿਚ ਲਬਾਲਬ ਆਤਮ ਮੁਗਧਤਾ ਉਮੜ ਆਉਂਦੀ ਹੈ। ਮੌਸਮ ਜਿਵੇਂ ਨਿਮੰਤਰਨ ਦੇ ਰਿਹਾ ਹੋਵੇ ਤੀਰਵ ਇੱਛਾ ਦੀ ਹੋਂਦ ਨੂੰ। ਕਲੋਲ ਕਰਦੇ ਪੰਛੀਆਂ ਦੇ ਝੁੰਡ, ਕਈ ਤਰ੍ਹਾਂ ਦੇ ਆਕਾਰ ਬਣਾਦੇ ਹੋਏ ਲੋਕਿਕਤਾ ਵਿਚ ਸ੍ਰੇਸ਼ਟਤਾ ਦੀ ਹੋਂਦ ਪੈਦਾ ਕਰਦੇ ਹਨ। ਉਜਸਵੀ ਤੇਜ ਹਵਾਵਾਂ ਦੇ ਅਧਿਆਏ ਜਦ ਖੁਲ੍ਹਦੇਹਨ ਤਾਂ ਇਕਾਂਤ ਵਿਚ ਸਰਸਰਾਹਟ ਦੀਆਂ ਝਾਂਜਰਾਂ ਦਾ ਸ਼ੋਰ ਮਜ਼ਾ ਦਿੰਦੇ ਤੇ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਓ ਦੇ ਉਪਰ ਘਾਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿੱਧ ਹੈ। ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫ਼ਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।

ਕਿਨੌਰ ਭਾਰਤ ਉਤਰ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰ੍ਹਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਲ ਪ੍ਰਸ਼ਾਸਨਿਕ ਇਲਾਕਿਆਂ ਪੂਹ, ਕਲਪਾਂ ਅਤੇ ਨਿਚਾਰ, ਭਾਬਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤਦੀ ਚੋਟੀ ਪਾਈ ਜਾਂਦੀ ਹੈ। ਲਾਹੌਲ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋਂ ਜੂਨ ਤਕ ਘੁੰਮਣ ਲਈ ਇਹ ਇਕ ਸ਼ਾਨਦਾਰ ਯਾਦਗਾਰ ਆਕਰਸ਼ਕ ਮਨਮੋਹਣਾ ਸਥਾਨ ਹੈ। ਹਾਲਾਂਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪਰ ਦਾਵਤ ਦੇਣਾ ਚਾਹੁੰਦੇ ਹੋ ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰਹੁੰਦੀ ਹੈ। ਇਸ ਲਈ ਤੁਸੀਂ ਸਿਤੰਬਰ ਤੇ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਓ।

ਭਾਰਤੀਏ ਹਿਮਾਲਿਆ ਵਿਚ ਉਤਰੀ ਭਾਰਤ ਦੇ ਹਿਮਾਚਲ ਪ੍ਰਦੇਸ਼ ਦੇ ਕਿਨੌਰ ਜ਼ਿਲ੍ਹੇ ਵਿਚ ਰਿਕਾਂਗ ਪੀਓ ਦੇ ਉਪੱਰ ਪਾਰਟੀ ਹੈ, ਕਿਨੌਰ ਲੋਕਾਂ ਦੁਆਰਾ ਬਸਾਇਆ ਗਿਆ ਅਤੇ ਅਪਣੇ ਸੇਬਾਂ ਦੇ ਬਾਗ਼ਾਂ ਲਈ ਵਿਸ਼ਵ ਪ੍ਰਸਿਧੱ ਹੈ, ਸੇਬ ਇਸ ਇਲਾਕੇ ਦੇ ਲਈ ਪ੍ਰਮੁੱਖ ਨਕਦੀ ਫਸਲ ਹੈ। ਸਥਾਨਕ ਕਿਨੌਰ ਹਿੰਦੂ ਅਤੇ ਬੁੱਧ ਧਰਮ ਦੇ ਅਨੁਯਾਈਆਂ ਦਾ ਸਥਾਨ ਵੀ ਕਿਹਾ ਜਾ ਸਕਦਾ ਹੈ। ਇੱਥੇ ਕਈ ਮੰਦਿਰ ਅਤੇ ਬੁੱਧ ਧਰਮ ਦੇ ਮੰਦਿਰ ਸੁਸ਼ੋਭਿਤ ਹਨ।

ਕਿਨੌਰ ਭਾਰਤ ਵਿਚ ਹਿਮਾਚਲ ਪ੍ਰਦੇਸ਼ ਰਾਜ ਦੇ ਬਾਰਾਂ ਪ੍ਰਸ਼ਾਸਨਿਕ ਜ਼ਿਲ੍ਹਿਆਂ ਵਿਚੋਂ ਇਕ ਹੈ। ਜ਼ਿਲ੍ਹੇ ਨੂੰ ਤਿੰਨ ਪ੍ਰਸ਼ਾਸਨਿਕ ਇਲਾਕਿਆ ਪੂਹ, ਕਲਪਾ ਅਤੇ ਨਿਚਾਰ, ਭਾਬਾਨਗਰ ਵਿਚ ਵੰਡਿਆ ਹੋਇਆ ਹੈ। ਇਸ ਜ਼ਿਲ੍ਹੇ ਵਿਚ ਕਿਨੌਰ ਕੈਲਾਸ਼ ਪਰਬਤ ਦੀ ਚੋਟੀ ਪਾਈ ਜਾਂਦੀ ਹੈ।

ਲਾਹੌਰ ਅਤੇ ਸਪੀਤੀ ਤੋਂ ਬਾਅਦ ਇਹ ਸੁੰਦਰ ਜਗ੍ਹਾ ਹੈ। ਗਰਮੀਆਂ ਦੇ ਦਿਨਾਂ ਵਿਚ ਅਪ੍ਰੈਲ ਤੋ ਜੂਨ ਤਕ ਘੁੰਮਣ ਲਈ ਇਕ ਸ਼ਾਨਦਾਰ ਯਾਦਗਾਰ ਆਦਰਸ਼ਕ ਮਨਮੋਹਦਾ ਸਥਾਨ ਹੈ। ਹਾਲਾਂ ਕਿ ਅਗਰ ਆਪ ਕਿਨੌਰ ਦੇ ਪ੍ਰਸਿੱਧ ਸੇਬਾਂ ਉਪੱਰ ਦਾਵਤ ਦੇਣਾ ਚਾਹੁੰਦੇ ਹੋ। ਤਾਂ ਕਟਾਈ ਦੇ ਸਮੇਂ ਸੇਬਾਂ ਦੀ ਸੁੰਦਰ ਭਰਮਾਰ ਹੁੰਦੀ ਹੈ ਇਸ ਲਈ ਤੁਸੀ ਸਿਤੰਬਰ ਤੋਂ ਅਕਤੂਬਰ, ਨਵੰਬਰ ਮਹੀਨੇ ਵਿਚ ਜ਼ਰੂਰ ਏਧਰ ਆਓ।

ਇਕ ਅਕਤੂਬਰ ਮਰਮਸਪਰਸ਼ੀ ਸਥਾਨ ਹੈ ਕਲਪਾ, ਕਿਨੌਰ ਜ਼ਿਲ੍ਹੇ ਦਾ ਛੋਟਾ ਜਿਹਾ ਕਸਬਾ ਹੈ। ਇਹ ਸਤਲੁਜ ਲਈ ਉਤੇ ਵੱਸਿਆ ਹੋਇਆ ਸੁੰਦਰ ਨਗਰ ਹੈ। ਇਹ ਇਕ ਆਦਰਸ਼ ਸੁੰਦਰ ਅਵਕਾਂਸ਼ ਸਥਾਨ ਬਣਾਉਂਦਾ ਹੈ। ਇਸ ਸਥਾਨ ਵੱਲ ਤੁਸੀਂ ਹੇਠਲੀ ਦੁਨੀਆ ਨੂੰ ਛੱਡ ਕੇ ਬਦਲਾਂ ਅਤੇ ਸੁਪਨਿਆਂ ਦੀ ਦੁਨੀਆਂ ਵਿਚ ਪ੍ਰਵੇਸ਼ ਕਰਨ ਲਈ ਕਾਫ਼ੀ ਉਚਾਈ ਤੇ ਪਹੁੰਚ ਚੁਕੇ ਹੁੰਦੇ ਹੋ।

ਕਲਪਾ ਕਿਨੌਰ ਇਕ ਪਰਬਤਾਂ ਦੀ ਸ੍ਰੇਣੀ ਦਾ ਜੰਨਤ ਹੈ। ਸਵਰਗ ਦੀ ਪੌੜੀ ਦਾ ਆਗਾਜ਼ ਹੁੰਦੀ ਹੈ, ਕਿਨੌਰ ਦੀ ਯਾਤਰਾ ਦਾ ਮਜ਼ਾ। ਇਹ ਸਥਾਨ ਸਜਦਾਗਾਹ ਤੋਂ ਘੱਟ ਨਹੀਂ। ਚਰਨਿਆਂ ਅਤੇ ਦਰਿਆਵਾਂ ਦੀਟਾਂ ਲੈਯਾਤਮਕ ਧਵਨੀਆਂ ਅੰਤ ਰੰਗ ਵਿਚ ਆਤਮਕ ਅਲੋਕਿਕਤਾ ਭਰਦੀਆਂ ਹੋਈਆਂ ਅਧਿਆਤਮਿਕਤਾ ਤੇ ਪਰਿਪੂਰਨ ਹੋ ਜਾਂਦੀਆਂ ਹਨ। ਜਦ ਤੁਸੀ ਕਦੀ ਇਸ ਸਥਾਨ ਤੇ ਪਰੀਚਿਤ ਹੋਵੇਗੇ ਤਾਂ ਤ੍ਰਿਪਤੀ ਦਾ ਅਹਿਸਾਸ ਆਤਮਿਕ ਯੋਗਦਾਨ ਪਾਵੇਗਾ। ਸੁੰਦਰ ਸਥਾਨ ਹੈ ਸਵਰਗ ਦਾ ਪਰਾਏਵਾਰੀ ਕਲਪਾ-ਕਿਨੌਰ।



# 1947 ਵਿੱਚ ਵਾਪਰੀ ਗਦਰ ਫਿਲਮ ਵਰਗੀ ਅਸਲੀ ਪ੍ਰੇਮ ਕਹਾਣੀ

ਭਾਰਤ ਪਾਕ ਵੰਡ ਦੀ ਤਰਾਸਦੀ ਨੂੰ ਦਰਸਾਉਂਦੀ ਸੰਨੀ ਦਿਉਲ ਦੀ ਫਿਲਮ ਗਦਰ ਸਾਰੇ ਭਾਰਤ ਵਿੱਚ ਸੁਪਰ ਹਿੱਟ ਹੋਈ ਸੀ। ਇਸ ਫਿਲਮ ਨਾਲ ਮਿਲਦੀ ਜੁਲਦੀ ਇੱਕ ਅਸਲ ਪ੍ਰੇਮ ਕਹਾਣੀ 1947 ਵਿੱਚ ਸੱਚਮੁੱਚ ਅੰਮ੍ਰਿਤਸਰ ਵਿਖੇ ਵਾਪਰੀ ਸੀ। ਅੰਮ੍ਰਿਤਸਰ ਹਾਲ ਬਜ਼ਾਰ ਦੇ ਨਜ਼ਦੀਕ ਇੱਕ ਬਜ਼ਾਰ ਵਿੱਚ ਕੱਪੜੇ ਸਿਉਣ ਦੀ ਬਹੁਤ ਮਸ਼ਹੂਰ ਦੁਕਾਨ ਕਰੋੜ ਟੇਲਰਜ਼ (ਨਾਮ ਬਦਲਿਆ ਹੋਇਆ) ਅੱਜ ਵੀ ਮੌਜੂਦ ਹੈ। ਇਹ ਦੁਕਾਨ ਕਰੋੜ ਸਿੰਘ (ਨਾਮ ਬਦਲਿਆ ਹੋਇਆ) ਨਾਮਕ ਦਰਜ਼ੀ ਦੇ ਬਾਪ ਨੇ ਅਜ਼ਾਦੀ ਤੋਂ ਪਹਿਲਾਂ ਸ਼ੁਰੂ ਕੀਤੀ ਸੀ ਤੇ ਅੱਜ ਕਲ੍ਹ ਇਸ ਨੂੰ ਕਰੋੜ ਸਿੰਘ ਦੇ ਪੁੱਤ ਪੋਤਰੇ ਸਫਲਤਾ ਨਾਲ ਚਲਾ ਰਹੇ ਹਨ। 1947 ਤੋਂ ਦੋ ਤਿੰਨ ਸਾਲ ਪਹਿਲਾਂ ਕਰੋੜ ਸਿੰਘ ਦਾ ਇੱਕ ਮੁਸਲਿਮ ਪਰਿਵਾਰ ਦੀ ਲੜਕੀ ਸਲਮਾ (ਨਾਮ ਬਦਲਿਆ ਹੋਇਆ) ਨਾਲ ਇਸ਼ਕ ਪੇਚਾ ਪੈ ਗਿਆ। ਜਦੋਂ ਸਲਮਾ ਅਤੇ ਕਰੋੜ ਸਿੰਘ ਦੇ ਪਰਿਵਾਰ ਨੂੰ ਇਸ ਪ੍ਰੇਮ ਕਹਾਣੀ ਬਾਰੇ ਪਤਾ ਚੱਲਿਆ ਤਾਂ ਘਰਾਂ ਵਿੱਚ ਪਵਾੜਾ ਪੈ ਗਿਆ। ਕਰੋੜ ਸਿੰਘ ਦਾ ਪਿਤਾ ਕੱਟੜ ਆਰੀਆ ਸਮਾਜੀ ਸੀ ਤੇ ਲੜਕੀ ਦਾ ਪਿਤਾ ਵੀ ਮੁਸਲਿਮ ਲੀਗ ਨਾਲ ਜੁੜਿਆ ਹੋਇਆ ਸੀ। ਦੋਵਾਂ ਧਿਰਾਂ ਵਿੱਚ ਜੰਮ ਕੇ ਲੜਾਈ ਝਗੜਾ ਹੋਇਆ ਤੇ ਸ਼ਹਿਰ ਵਿੱਚ ਫਿਰਕੂ ਦੰਗੇ ਭੜਕ ਪੈਣ ਦਾ ਖਤਰਾ ਪੈਦਾ ਹੋ ਗਿਆ। ਸਲਮਾ ਦੀ ਵੀ ਰੱਜ ਕੇ ਮਾਰ ਕੁਟਾਈ ਕੀਤੀ ਗਈ। ਜਦੋਂ ਕਿਸੇ ਪਾਸੇ ਵਾਹ ਨਾ ਚੱਲੀ ਤਾਂ ਮਜ਼ਬੂਰ ਹੋ ਕੇ ਕਰੋੜ ਸਿੰਘ ਸਲਮਾ ਨੂੰ ਲੈ ਕੇ ਸ਼ਹਿਰ ਤੋਂ ਫਰਾਰ ਹੋ ਗਿਆ। ਜਦੋਂ ਕਾਫੀ ਭਾਲ ਕਰਨ 'ਤੇ ਵੀ ਸਲਮਾ ਨਾ ਲੱਭੀ ਤਾਂ ਉਸ ਦੇ ਪਰਿਵਾਰ ਵਾਲੇ ਸਬਰ ਦਾ ਘੁੱਟ ਭਰ ਕੇ ਰਹਿ ਗਏ ਪਰ ਉਨ੍ਹਾਂ ਦੇ ਦਿਲ ਵਿੱਚ ਬਦਲਾ ਲੈਣ ਦੀ ਅੱਗ ਹਮੇਸ਼ਾਂ ਭਖਦੀ ਰਹੀ। 15 ਅਗਸਤ 1947 ਨੂੰ ਦੇਸ਼ ਅਜ਼ਾਦ ਹੋ ਗਿਆ ਤੇ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਭਿਆਨਕ ਫਿਰਕੂ ਹਿੰਸਾ ਭੜਕ ਉੱਠੀ। ਬਾਕੀ ਲੋਕਾਂ ਵਾਂਗ ਸਲਮਾ ਦਾ ਪਰਿਵਾਰ ਵੀ ਜਾਨ ਬਚਾ ਕੇ ਪਾਕਿਸਤਾਨ ਪਹੁੰਚ ਗਿਆ ਤੇ ਉਨ੍ਹਾਂ ਨੂੰ ਲਾਹੌਰ ਦੇ ਨਜ਼ਦੀਕ ਕਿਸੇ ਪਿੰਡ ਵਿੱਚ ਕੁਝ ਜ਼ਮੀਨ ਅਲਾਟ ਹੋ ਗਈ। ਉਨ੍ਹਾਂ ਦੇ ਜਾਣ ਤੋਂ ਮਹੀਨੇ ਕੁ ਬਾਅਦ ਕਰੋੜ ਸਿੰਘ ਨੇ ਵੀ ਆਣ ਸਿਰੀ ਕੱਢੀ ਕਿਉਂਕਿ ਹੁਣ ਉਸ ਨੂੰ ਸਲਮਾ ਦੇ ਪਰਿਵਾਰ ਦਾ ਡਰ ਖਤਮ ਹੋ ਚੁੱਕਾ ਸੀ। ਜਦੋਂ ਉਹ ਘਰ ਪਹੁੰਚਿਆ ਤਾਂ ਸਲਮਾ ਦੀ ਕੁੱਛੜ ਚਾਰ ਕੁ ਮਹੀਨੇ ਦਾ ਲੜਕਾ ਵੇਖ ਕੇ ਕਰੋੜ ਸਿੰਘ ਦਾ ਪਰਿਵਾਰ ਖੁਸ਼ ਹੋ ਗਿਆ। ਕਰੋੜ ਸਿੰਘ ਦਾ ਪਿਉ ਮਹੀਨਾ ਕੁ ਤਾਂ ਦੁਖੀ ਰਿਹਾ ਪਰ ਔਲਾਦ ਆਖਰ ਔਲਾਦ ਹੁੰਦੀ ਹੈ ਤੇ ਕਰੋੜ ਸਿੰਘ ਉਸ ਦੀ ਇੱਕਲੌਤੀ ਸੰਤਾਨ ਸੀ। ਆਖਰ ਉਸ ਨੇ ਵੀ ਕਰੋੜ ਸਿੰਘ ਦੀ ਪਤਨੀ ਨੂੰ ਆਪਣੀ ਨੂੰਹ ਸਵੀਕਾਰ ਕਰ ਲਿਆ। ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਕਰੋੜ ਸਿੰਘ ਅਤੇ ਸਲਮਾ ਲਈ ਮੁਸੀਬਤ ਅਜੇ ਖਤਮ ਨਹੀਂ ਸੀ ਹੋਈ। ਵੰਡ ਤੋਂ ਡੇਢ ਦੋ ਮਹੀਨੇ ਬਾਅਦ ਭਾਰਤ ਪਾਕਿ ਵਿੱਚ ਸਮਝੌਤਾ ਹੋ ਗਿਆ ਕਿ ਦੰਗਿਆਂ ਦੌਰਾਨ ਅਗਵਾ ਕੀਤੀਆਂ ਗਈਆਂ ਔਰਤਾਂ ਆਪੋ ਆਪਣੇ ਦੇਸ਼ਾਂ ਨੂੰ ਵਾਪਸ ਭੇਜੀਆਂ ਜਾਣ। ਦੋਵਾਂ ਦੇਸ਼ਾਂ ਦੀ ਫੌਜ ਅਜਿਹੀਆਂ ਔਰਤਾਂ ਨੂੰ ਲੱਭ ਕੇ ਸਰਹੱਦਾਂ ਤੋਂ ਪਾਰ ਭੇਜਣ ਲੱਗੀ। ਕਰੋੜ ਸਿੰਘ ਦੇ ਸਹੁਰਿਆਂ ਵੀ ਨੂੰ ਕਿਸੇ ਤਰਾਂ ਪਤਾ ਲੱਗ ਗਿਆ ਕਿ ਸਲਮਾ ਅੰਮ੍ਰਿਤਸਰ ਵਾਪਸ ਆ ਗਈ ਹੈ। ਉਨ੍ਹਾਂ ਨੇ ਪਾਕਿਸਤਾਨ ਵਿੱਚ ਸਬੰਧਿਤ ਮਹਿਕਮੇ ਨੂੰ ਸ਼ਿਕਾਇਤ ਕਰ ਦਿੱਤੀ ਕਿ ਉਨ੍ਹਾਂ ਦੀ ਲੜਕੀ ਵੀ ਅਗਵਾ ਕਰ ਕੇ ਜਬਰਦਸਤੀ ਫਲਾਣੇ ਥਾਂ 'ਤੇ ਰੱਖੀ ਹੋਈ ਹੈ। ਇੱਕ ਦਿਨ ਤੜਕੇ ਹੀ ਭਾਰਤੀ ਫੌਜ ਦੀ ਇੱਕ ਟੁਕੜੀ ਪੁਲਿਸ ਸਮੇਤ ਕਰੋੜ ਸਿੰਘ ਦੇ ਘਰ ਆਣ ਧਮਕੀ। ਸਲਮਾ ਨੇ ਬਥੇਰੀ ਹਾਲ ਪਾਹਰਿਆ ਮਚਾਈ ਕਿ ਉਸ ਦੀ ਸ਼ਾਦੀ ਤਾਂ ਉਸ ਦੀ ਮਰਜ਼ੀ ਨਾਲ ਵੰਡ ਤੋਂ ਕਈ ਸਾਲ ਪਹਿਲਾਂ ਹੀ ਹੋ ਗਈ ਸੀ ਤੇ ਉਹ ਹੁਣ ਪਾਕਿਸਤਾਨ ਨਹੀਂ ਜਾਣਾ ਚਾਹੁੰਦੀ। ਪਰ ਹੁਕਮ ਦੀ ਬੱਝੀ ਫੌਜ ਨੇ ਉਸ ਦੀ ਕੋਈ ਗੱਲ ਨਾ ਸੁਣੀ ਤੇ ਉਸ ਨੂੰ ਧੂਹ ਕੇ ਟਰੱਕ ਵਿੱਚ ਸੁੱਟ ਦਿੱਤਾ ਗਿਆ। ਉਸ ਦਾ ਬੇਟਾ ਕਰੋੜ ਸਿੰਘ ਕੋਲ ਹੀ ਰਹਿ ਗਿਆ।

ਕਰੋੜ ਸਿੰਘ ਸਦਮੇ ਨਾਲ ਇੱਕ ਤਰਾਂ ਨਾਲ ਪਾਗਲ ਜਿਹਾ ਹੋ ਗਿਆ। ਕੁਝ ਦਿਨਾਂ ਬਾਅਦ ਉਸ ਨੇ ਸੁਰਤ ਸੰਭਲੀ ਤਾਂ ਉਹ ਥਾਣਾ ਲੋਪੋਕੇ (ਹੁਣ ਪੁਲਿਸ ਜਿਲ੍ਹਾ ਅੰਮ੍ਰਿਤਸਰ ਦਿਹਾਤੀ) ਦੇ ਪਿੰਡ ਮਾਨਾਂਵਾਲੇ ਦੇ ਆਪਣੇ ਗੂੜ੍ਹੇ ਯਾਰ ਬਾਬੇ ਸੁੱਖਾ ਸਿੰਘ ਕੋਲ ਪਹੁੰਚ ਗਿਆ ਤੇ ਆਪਣੀ ਦਰਦ ਕਹਾਣੀ ਸੁਣਾਈ। ਉਸ ਨੇ ਰੋਂਦੇ ਹੋਏ ਸੁੱਖਾ ਸਿੰਘ ਦੇ ਗਲ ਲੱਗ ਕੇ ਦੱਸਿਆ ਕਿ ਜੇ ਉਸ ਨੂੰ ਸਲਮਾ ਨਾ ਮਿਲੀ ਤਾਂ ਉਹ ਖੁਦਕੁਸ਼ੀ ਕਰ ਲਵੇਗਾ। ਸੁੱਖਾ ਸਿੰਘ ਨੇ ਉਸ ਨੂੰ ਹੌਂਸਲਾ ਬੰਨ੍ਹਾਇਆ ਕਿ ਘਬਰਾ ਨਾ, ਤੇਰਾ ਕੋਈ ਹੀਲਾ ਵਸੀਲਾ ਕਰਦੇ ਹਾਂ। ਸੁੱਖਾ ਸਿੰਘ ਸਮੱਗਲਿੰਗ ਕਰਦਾ ਸੀ ਤੇ ਉਸ ਦਾ ਪਾਕਿਸਤਾਨ ਵਿੱਚ ਆਮ ਹੀ ਆਉਣ ਜਾਣ ਸੀ। ਉਸ ਨੇ ਆਪਣੇ ਸਾਥੀ ਪਾਕਿਸਤਾਨੀ ਸਮੱਗਲਰਾਂ ਰਾਹੀਂ ਦਸ ਕੁ ਦਿਨਾਂ ਵਿੱਚ ਹੀ ਸੂਹ ਕੱਢ ਲਈ ਕਿ ਸਲਮਾ ਦੇ ਪੇਕੇ ਕਿਸ ਪਿੰਡ ਵਿੱਚ ਬੈਠ ਹਨ। ਉਹ ਪਿੰਡ ਭਾਰਤ ਪਾਕਿ ਸਰੱਹਦ ਦੇ ਨਜ਼ਦੀਕ ਹੀ ਸੀ। ਇੱਕ ਰਾਤ ਸੁੱਖਾ ਸਿੰਘ ਕਰੋੜ ਸਿੰਘ ਨੂੰ ਲੈ ਕੇ ਬਾਰਡਰ ਟੱਪ ਗਿਆ ਤੇ ਉਸ ਨੂੰ ਸਲਮਾ ਦੇ ਪਿੰਡ ਨੇ ਨਜ਼ਦੀਕ ਰਹਿਣ ਵਾਲੇ ਆਪਣੇ ਇੱਕ ਬਹੁਤ ਹੀ ਵਿਸ਼ਵਾਸ਼ਪਾਤਰ ਸਾਥੀ ਦੇ ਹਵਾਲੇ ਕਰ ਆਇਆ। ਕਰੋੜ ਸਿੰਘ ਨੇ ਮੁਸਲਮਾਨਾਂ ਵਰਗਾ ਭੇਸ ਬਣਾ ਲਿਆ ਤੇ ਚੂੜੀਆਂ ਵੇਚਣ ਵਾਲਾ ਬਣ ਕੇ ਸਲਮਾ ਦੇ ਪਿੰਡ ਵਿੱਚ ਘੁੰਮਣ ਲੱਗਾ। ਸਲਮਾ ਦੇ ਪਰਿਵਾਰ ਦੇ ਖਾਬੋ ਖਿਆਲ ਵਿੱਚ ਵੀ ਨਹੀਂ ਸੀ ਕਿ ਕਰੋੜ ਸਿੰਘ ਪਾਕਿਸਤਾਨ ਆਉਣ ਦੀ ਹਿੰਮਤ ਵੀ ਕਰ ਸਕਦਾ ਹੈ। ਇਸ ਕਾਰਨ ਸਲਮਾ 'ਤੇ ਹੁਣ ਕੋਈ ਪਹਿਰਾ ਨਹੀਂ ਸੀ ਤੇ ਉਸ ਦੀ ਦੂਸਰੀ ਸ਼ਾਦੀ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕਰੋੜ ਸਿੰਘ ਦੀ ਜਲਦੀ ਹੀ ਚੂੜੀਆਂ ਚੜ੍ਹਾਉਣ ਦੇ ਬਹਾਨੇ ਸਲਮਾ ਨਾਲ ਮੁਲਾਕਾਤ ਹੋ ਗਈ ਤੇ ਦੋਵਾਂ ਨੇ ਫਰਾਰ ਹੋਣ ਦਾ ਪ੍ਰੋਗਰਾਮ ਪੱਕਾ ਕਰ ਲਿਆ। ਦੋ ਤਿੰਨ ਦਿਨ ਬਾਅਦ ਹੀ ਇੱਕ ਰਾਤ ਨੂੰ ਸਲਮਾ ਕਰੋੜ ਸਿੰਘ ਨਾਲ ਫਰਾਰ ਹੋ ਗਈ। ਸੁੱਖਾ ਸਿੰਘ ਦਾ ਸਾਥੀ ਘੋੜੀਆਂ ਲੈ ਕੇ ਪਿੰਡ ਦੇ ਬਾਹਰ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਸਿਰਫ ਡੇਢ ਕੁ ਘੰਟੇ ਵਿੱਚ ਹੀ ਉਹ ਬਾਰਡਰ ਟੱਪ ਕੇ ਭਾਰਤ ਵਾਲੇ ਪਾਸੇ ਆ ਗਏ ਤੇ ਅਟਾਰੀ ਤੋਂ ਟਾਂਗਾ ਲੈ ਕੇ ਅੰਮ੍ਰਿਤਸਰ ਪਹੁੰਚ ਗਏ। ਇਸ ਤੋਂ ਬਾਅਦ ਸਲਮਾ ਦੇ ਪਰਿਵਾਰ ਨੇ ਉਨ੍ਹਾਂ ਦਾ ਖਹਿੜਾ ਛੱਡ ਦਿੱਤਾ। ਦੋਵਾਂ ਨੇ ਪਿਆਰ ਭਰੀ ਭਰਪੂਰ ਜ਼ਿੰਦਗੀ ਬਤੀਤ ਕੀਤੀ ਤੇ ਕਈ ਪੁੱਤ ਪੋਤਰਿਆਂ ਦੇ ਭਰੇ ਪੂਰੇ ਪਰਿਵਾਰ ਨੂੰ ਛੱਡ ਕੇ ਰੱਬ ਨੂੰ ਪਿਆਰੇ ਹੋਏ। ਜਦੋਂ ਗਦਰ ਫਿਲਮ ਆਈ ਸੀ ਤਾਂ ਕਈ ਮਖੌਲੀਏ ਯਾਰ ਬੇਲੀ ਉਸ ਦੇ ਪੁੱਤ ਪੋਤਰਿਆਂ ਨੂੰ ਮਜ਼ਾਕ ਕਰਦੇ ਹੁੰਦੇ ਸੀ ਕਿ ਤੁਸੀਂ ਫਿਲਮ ਦੇ ਡਾਇਰੈਕਟਰ 'ਤੇ ਕੇਸ ਕਰ ਦਿਉ, ਕਿਉਂਕਿ ਉਸ ਨੇ ਤੁਹਾਡੇ ਬਜ਼ੁਰਗ ਦੀ ਇਸ਼ਕ ਕਹਾਣੀ ਚੋਰੀ ਕੀਤੀ ਹੈ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025




# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314 | Website: www.preetnama.com Email preetnamausa@gmail.com | 01 TO 07 AUGUST , 2025




# ਇੱਕ ਚੰਗਾ ਅਧਿਆਪਕ

ਰਾਜਿੰਦਰ ਰਾਣੀ ਪਿੰਡ ਗੰਢੂਆਂ
ਜ਼ਿਲ੍ਹਾ ਸੰਗਰੂਰ

ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ਪੜ੍ਹਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਹਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ। ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜ਼ਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ। ਅਧਿਆਪਕ ਵੱਲੋਂ ਉਤਸ਼ਾਹਤ ਵਿਦਿਆਰਥੀ ਜ਼ਿੰਦਗੀ ਵਿੱਚ ਕਾਮਯਾਬ ਜ਼ਰੂਰ ਹੁੰਦਾ ਹੈ, ਬੇਸ਼ੱਕ ਉਹ ਆਪਣਾ ਕੰਮ ਮਿਹਨਤ ਅਤੇ ਲਗਨ ਨਾਲ ਕਰਦਾ ਰਹੇ। ਮੌਜੂਦਾ ਸਮੇਂ ਵਿੱਚ ਸਾਡੇ ਵਿੱਚ ਬਦਲਾਅ ਆਏ ਹਨ। ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵੀ ਕਿਤੇ ਨਾ ਕਿਤੇ ਟੁੱਟਦਾ ਨਜ਼ਰ ਆ ਰਿਹਾ ਹੈ ਅਤੇ ਕਈ ਤਰ੍ਹਾਂ ਦੀਆਂ ਖਾਮੀਆਂ ਸਾਹਮਣੇ ਆ ਰਹੀਆਂ ਹਨ। ਇਹ ਸੱਭ ਕੁੱਝ ਉਦੋਂ ਵਾਪਰਿਆ ਜਦੋਂ ਅਧਿਆਪਕਾਂ ਨੇ ਇਸ ਨੂੰ ਕਾਰੋਬਾਰੀ ਰੂਪ ਦੇ ਦਿੱਤਾ ਅਤੇ ਉਹ ਆਪਣੇ ਵਿਦਿਆਰਥੀ ਨੂੰ ਆਪਣੇ ਗ੍ਰਾਹਕ ਵਜੋਂ ਦੇਖਣ ਲੱਗ ਪਏ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਵਿਦਿਆਰਥੀ ਮਨਾਂ ਵਿੱਚ ਅਧਿਆਪਕ ਪ੍ਰਤੀ ਪਿਆਰ, ਸਤਿਕਾਰ ਖਤਮ ਹੋ ਚੁੱਕਿਆ ਹੈ। ਜਦਕਿ ਵਿਦਿਆਰਥੀ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜਦੇ ਨਜ਼ਰ ਆ ਰਹੇ ਹਨ ਕਿਉਂ ਆਪਣੀ ਮਰਜ਼ੀ ਕਰਨਾ ਚਾਹੁੰਦੇ ਹਨ ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਬੱਚੇ ਘਰ ਵਿੱਚ ਆਪਣੇ ਮਾਤਾ ਪਿਤਾ ਨਾਲ ਕਰਦੇ ਹਨ। ਜੋ ਵੀ ਹੋਵੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ।

ਆਉ ! ਅੱਜ ਅਧਿਆਪਕ ਦਿਵਸ ਮਨਾਉਂਦੇ ਹੋਏ ਮੌਜੂਦਾ ਦੌਰ ਵਿੱਚ ਆ ਚੁੱਕੇ ਬਦਲਾਵਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਈਏ।

ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ।

ਪੁਰਾਣੇ ਸਮੇਂ ਤੋਂ ਹੀ ਭਾਰਤ 'ਚ ਗੁਰੂ ਜਾਂ ਅਧਿਆਪਕ ਦਾ ਬਹੁਤ ਸਨਮਾਨ ਕੀਤਾ ਜਾਂਦਾ ਰਿਹਾ ਹੈ। ਇਸ ਕਾਰਨ ਹੀ ਕਿਹਾ ਜਾਂਦਾ ਸੀ ਕਿ ਅੱਜ ਦੇਸ਼ ਦੇ ਨਿਰਮਾਤਾ ਨੂੰ ਠੇਕੇ ਤੇ ਤਨਖਾਹਾਂ (ਮਜਦੂਰਾਂ ਨਾਲੋਂ ਵੀ ਘੱਟ) ਤੇ ਭਰਤੀ ਕਰਨ ਦੇ ਕਾਰਨ ਉਹ ਖੁਦ ਹੀ ਆਰਥਿਕ ਜਰੂਰਤਾਂ ਨੂੰ ਪੂਰਾ ਕਰਨ ਦੀ ਘੁੰਮਣ ਘੇਰੀ ਵਿੱਚ ਫਸਿਆ ਮਹਿਸੂਸ ਕਰ ਰਿਹਾ ਹੈ। ਜੇਕਰ ਅਸੀਂ ਅਧਿਆਪਕ ਨੂੰ ਦੇਸ਼ ਜਾਂ ਸਮਾਜ ਦਾ ਨਿਰਮਾਤਾ ਕਹਿ ਕੇ ਫੋਕਾ ਸਨਮਾਨ ਦੇਣ ਦੀ ਬਜਾਏ ਉਸ ਦੀਆਂ ਜਾਇਜ਼ ਸਮੱਸਿਆਵਾਂ ਨੂੰ ਹੱਲ ਕਰਕੇ ਉਸ ਨੂੰ ਆਰਥਿਕ ਅਤੇ ਮਾਨਸਿਕ ਤੌਰ ਤੇ ਸਤੁੰਸ਼ਟ ਕਰਨ ਦੀ ਕੋਸ਼ਿਸ ਕਰੀਏ ਤਾਂ ਦੇਸ਼ ਦੀਆਂ ਕਈ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ ਕਿਉਂਕਿ ਇੱਕ ਸਤੁੰਸ਼ਟ ਵਿਅਕਤੀ ਆਪਣੇ ਕਿੱਤੇ ਦੇ ਪ੍ਰਤੀ ਸਮਰਪਿੱਤ ਹੋ ਸਕਦਾ ਹੈ ਅਤੇ ਸਤੁੰਸ਼ਟ ਨਾਗਰਿਕ ਪੈਦਾ ਕਰਕੇ, ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦਾ ਹੈ। ਇਸ ਲਈ ਸਕੂਲਾਂ ਵਿੱਚ ਭਰਤੀ ਦੀ ਠੇਕਾ ਪ੍ਰਣਾਲੀ ਨੂੰ ਖਤਮ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਅਧਿਆਪਕ-ਵਿਦਿਆਰਥੀ ਅਨੁਪਾਤ ਨੂੰ ਠੀਕ ਕੀਤਾ ਜਾਵੇ ਤਾਂ ਜੋ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਾਨਸਿਕਤਾ ਨੂੰ ਸਮਝ ਸਕੇ ਅਤੇ ਉਹਨਾਂ ਨਾਲ ਭਾਵਨਾਤਮਕ ਲਗਾਓ ਬਣਾ ਸਕੇ। ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਡਾ. ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਰੂਪ ਵਿੱਚ ਦੇਸ਼ ਦਾ ਨਿਰਮਾਤਾ ਬਣਾਉਣ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿੱਤਾਂ ਲਈ ਤਿਆਗ ਕਰਨ। ਆਪਣੇ ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਉਣ। ਜਿਸ ਤਰ੍ਹਾਂ ਮੋਮਬੱਤੀ ਖੁਦ ਜਲ ਕਿ ਦੂਜਿਆਂ ਨੂੰ ਰੌਸ਼ਨੀ ਦੇ ਕੇ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਦੀ ਆ ਰਹੀ ਹੈ ਉਸੇ ਤਰ੍ਹਾਂ ਅਧਿਆਪਕ ਵਰਗ ਨੂੰ ਵੀ ਆਪਣੀਆਂ ਸੁੱਖ ਸੁਵਿਧਾਵਾਂ, ਆਪਣੀਆਂ ਇੱਛਾਵਾਂ, ਆਪਣੇ ਨਿੱਜੀ ਹਿੱਤਾਂ ਆਦਿ ਨੂੰ ਦੇਸ਼ ਅਤੇ ਸਮਾਜ ਦੇ ਵਡੇਰੇ ਹਿੱਤਾਂ ਲਈ ਕੁਰਬਾਨ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਭਾਰਤੀ ਅਮੀਰ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਆਦਿ ਲਈ ਜਰੂਰੀ ਹੈ ਕਿ ਅਧਿਆਪਕ ਦੇ ਮਾਣ-ਸਨਮਾਨ ਨੂੰ ਬਹਾਲ ਕੀਤਾ ਜਾਵੇ।

# ਠੰਢਾ ਛਿੱਟਾ

ਅੰਮ੍ਰਿਤ ਕੌਰ
9876714004

ਥੋੜ੍ਹੇ ਦਿਨ ਪਹਿਲਾਂ ਛੋਟੀ ਭੈਣ ਨਾਲ ਫ਼ੋਨ ਤੇ ਗੱਲ ਹੋਈ ਸੀ। ਫੋਨ ਭਾਅ ਜੀ ਨੇ ਲਾਇਆ ਸੀ। ਹਾਲ ਚਾਲ ਪੁੱਛ ਦੱਸ ਕੇ ਭੈਣ ਨੂੰ ਫ਼ੋਨ ਫੜਾ ਦਿੱਤਾ। ਇਹ ਵੀ ਦੱਸ ਦਿੱਤਾ ਸੀ ਕਿ ਭੈਣ ਬਿਮਾਰ ਐ। ਦੁਆ ਸਲਾਮ ਕਰਨ ਪਿੱਛੋਂ ਮੈਂ ਪੁੱਛਿਆ, ÷ ਕੀ ਕਰ ਰਹੀ ਐਂ ਹੁਣ ? ÷ ਆਖਣ ਲੱਗੀ, ÷ ਵਾਇਰਲ ਜਾ ਹੋ ਗਿਆ। ਕਮਜ਼ੋਰੀ ਕਾਫ਼ੀ ਮਹਿਸੂਸ ਹੁੰਦੀ ਐ। ਤੁਰਿਆ ਨਹੀਂ ਜਾਂਦਾ ਬਹੁਤਾ।÷

÷ ਦਵਾਈ ? ÷ ਮੈਂ ਪੁੱਛਿਆ। ਉਹ ਹੱਸ ਪਈ।

÷ ਹੱਸਣ ਵਾਲੀ ਇਹਦੇ ਵਿੱਚ ਕੀ ਗੱਲ ਹੋਈ ਭਲਾ ? ÷ ਮੈਂ ਫਿਰ ਪੁੱਛਿਆ।

÷ ਦਵਾਈ ਲੈ ਰਹੀ ਆਂ... ਤਾਂ ਹੀ ਤਾਂ ਤੈਨੂੰ ਫੋਨ ਕੀਤਾ।÷ ਉਹ ਫੇਰ ਹੱਸ ਪਈ। ਪਰ ਉਸ ਦੇ ਹਾਸੇ ਵਿੱਚ ਦਰਦ ਸੀ ਕਮਜ਼ੋਰ ਜਿਹਾ ਹਾਸਾ ਸੀ ਉਸਦਾ। ਮੈਨੂੰ ਉਹਦੀਆਂ ਗੱਲਾਂ ਸਮਝ ਨਹੀਂ ਸੀ ਆ ਰਹੀਆਂ। ਮੇਰੇ ਮਨ ਵਿੱਚ ਆਇਆ ਕਿ ਕਹਿ ਦਿਆਂ ਚਲ ਤੂੰ ਅਰਾਮ ਕਰ ਲੈ। ਪਰ ਉਹ ਫਿਰ ਬੋਲੀ, ÷ਮੇਰੇ ਗੁਲੂਕੋਜ਼ ਲੱਗਿਆ... ਘੰਟਾ ਦੋ ਘੰਟੇ ਪੈਣਾ ਕਿਹੜਾ ਸੌਖੀ ਗੱਲ ਐ....ਮੈਂ ਸੋਚਿਆ ਤੇਰੇ ਨਾਲ ਗੱਲ ਕਰ ਲਵਾਂ।÷ ਉਸ ਦੀ ਗੱਲ ਸੁਣ ਕੇ ਇਹ ਤਾਂ ਪਤਾ ਲੱਗ ਗਿਆ ਸੀ ਕਿ ਘਰ ਦੇ ਕੰਮਾਂ ਧੰਦਿਆਂ ਵਿੱਚ ਕਈ ਵਾਰ ਫੋਨ ਕਰਨ ਨੂੰ ਸਮਾਂ ਨਹੀਂ ਮਿਲਦਾ। ਜੇ ਸਮਾਂ ਹੋਵੇ ਵੀ ਉਹ ਘੱਟ ਮਹਿਸੂਸ ਹੁੰਦਾ ਐ। ਭੈਣਾਂ ਭੈਣਾਂ ਨੂੰ ਗੱਲ ਕਰਨ ਲਈ ਸਮਾਂ ਵੀ ਤਾਂ ਖੁੱਲ੍ਹਾ ਚਾਹੀਦਾ ਹੁੰਦਾ ਐ। ਨਾਲ ਨਾਲ ਨਿੱਕੇ ਮੋਟੇ ਕੰਮ ਧੰਦੇ ਵੀ ਹੋਈ ਜਾਂਦੇ ਨੇ ਤੇ ਗੱਲ ਵੀ ਹੋਈ ਜਾਂਦੀ ਐ। ਇੱਕ ਦਿਨ ਵਟਸੈਪ @ਤੇ ਕਿਸੇ ਬੱਚੇ ਦੀ ਫੋਟੋ ਲਾ ਕੇ ਲਿਖਿਆ ਹੋਇਆ ਸੀ ਕਿ ਮੰਮੀ ਮਾਸੀ ਨਾਲ ਦੋ ਘੰਟੇ ਗੱਲ ਕਰਕੇ ਕਹਿੰਦੀ ਹੈ, @ ਵਿਹਲੇ ਹੋ ਕੇ ਗੱਲ ਕਰਾਂਗੇ।@ ਭਾਵੇਂ ਭੈਣਾਂ ਨੇ ਛੇ ਮਹੀਨਿਆਂ ਬਾਅਦ ਐਨੀ ਲੰਮੀ ਗੱਲਬਾਤ ਕੀਤੀ ਹੋਵੇ ਪਰ ਭਾਅ ਜੀ ਹੁਰੀਂ ਬਹੁਤ ਵਾਰ ਇਹ ਗੱਲ ਸੁਣਾ ਕੇ ਹੱਸਦੇ ਹੁੰਦੇ ਐ।

ਭੈਣ ਨੇ ਕਾਫ਼ੀ ਗੱਲਾਂ ਕੀਤੀਆਂ। ਖਾਸ ਕਰਕੇ ਉਹ ਗੱਲਾਂ ਜਿਹੜੀਆਂ ਸਹੁਰੇ ਪਰਿਵਾਰ ਵੱਲੋਂ ਉਹਨਾਂ ਨੂੰ ਦੁਖੀ ਕਰਨ ਲਈ ਕੀਤੀਆਂ ਹੁੰਦੀਆਂ ਨੇ। ਉਹਨਾਂ ਦੀ ਆਪਣੀ ਜੇਠਾਣੀ ਨਾਲ ਕਾਫ਼ੀ ਲੜਾਈ ਹੋਈ। ਪਤਾ ਨਹੀਂ ਉਹਨਾਂ ਨੇ ਕਿਹੜੀਆਂ ਕਿਹੜੀਆਂ ਗੱਲਾਂ ਦੇ ਮਿਹਣੇ ਦਿੱਤੇ। ਲੜਾਈ ਦੀਆਂ ਗੱਲਾਂ ਸੁਣ ਕੇ ਮੈਨੂੰ ਬੜੀ ਤਕਲੀਫ਼ ਹੋ ਰਹੀ ਸੀ। ਉਹਨਾਂ ਦੇ ਪਰਿਵਾਰ ਦੀ ਇੱਕ ਗੱਲ ਤਾਂ ਮੇਰੇ ਦਿਮਾਗ ਵਿੱਚ ਘੁੰਮ ਰਹੀ ਸੀ ਕਿ ਉਹਨਾਂ ਜੇ ਕਿਤੇ ਰਿਸ਼ਤੇਦਾਰੀ ਵਿੱਚ ਖੁਸ਼ੀ ਗਮੀ @ਤੇ ਜਾਣਾ ਹੁੰਦਾ ਤਾਂ ਹਮੇਸ਼ਾ ਇੱਕ ਦੂਜੇ ਦੇ ਨਾਲ ਤੁਰਦੇ ਨੇ। ਮੈਂ ਸੋਚ ਰਹੀ ਸੀ ਕਿ ਐਨੇ ਮਿਹਣੇ ਤਾਹਨੇ ਦੇ ਕੇ ਫਿਰ ਕਿੱਥੇ ਜਾਇਆ ਜਾਣੈ ਇੱਕ ਦੂਜੇ ਦੇ ਨਾਲ। ਮਨ ਬੜੀ ਤਕਲੀਫ਼ ਮੰਨ ਰਿਹਾ ਸੀ। ਭੈਣ ਇਹ ਵੀ ਦੱਸ ਰਹੀ ਸੀ ਕਿ ਉਹਨਾਂ ਦੀਆਂ ਗੱਲਾਂ ਦੇ ਜਵਾਬ ਵਿੱਚ ਮੈਂ ਵੀ ਇਹ ਗੱਲਾਂ ਆਖੀਆਂ। ਮੈਂ ਭੈਣ ਨੂੰ ਆਖਿਆ, ÷ ਤੂੰ ਨਾ ਬੋਲਿਆ ਕਰ, ਆਪੇ ਅਗਲਾ ਬੋਲ ਕੇ ਹਟ ਜਾਊ।÷

÷ਲੈ ਐਂ ਕਿਵੇਂ ਅਗਲੇ ਦੀਆਂ ਝੂਠੀਆਂ ਸੱਚੀਆਂ ਬਣਾਈਆਂ ਗੱਲਾਂ ਸੁਣ ਕੇ ਚੁੱਪ ਰਿਹਾ ਜਾਂਦੈ। ਜਵਾਬ ਤਾਂ ਦੇਣਾ ਈ ਪੈਂਦੇ। ਸੁਣਨ ਆਲੇ ਕਹਿਣਗੇ....ਮੈਂ ਬੁਰੀ ਆਂ....ਤਾਂ ਹੀ ਸੁਣ ਕੇ ਅੰਦਰ ਵੜ ਗੀ। ÷ ਉਹ ਬੋਲੀ। ਉਸ ਦੀ ਇਹ ਗੱਲ ਸੁਣ ਕੇ ਮੈਂ ਸੋਚ ਰਹੀ ਸੀ ਕਿ ਕਈ ਵਾਰ ਗੱਲ ਛੋਟੀ ਜਿਹੀ ਹੁੰਦੀ ਹੈ। ਪਰ ਉਸ ਨੂੰ ਵਧਾ ਚੜ੍ਹਾ ਕੇ ਆਖਿਆ ਜਾਂਦਾ ਹੈ ਇਸੇ ਤਰ੍ਹਾਂ ਘਰਾਂ ਦੀਆਂ ਲੜਾਈਆਂ ਵਧ ਜਾਂਦੀਆਂ ਹਨ। ਮੈਨੂੰ ਲੱਗਦਾ ਹੁੰਦੈ ਲੜਾਈ ਸ਼ੁਰੂ ਕਿਸੇ ਹੋਰ ਗੱਲ ਤੋਂ ਹੁੰਦੀ ਐ, ਵਿਚਕਾਰਲਾ ਹਿੱਸਾ ਪਿਛਲੀਆਂ ਤਿਆਰ ਕੀਤੀਆਂ ਲਿਸਟਾਂ ਤੇ ਚਰਚਾ ਹੁੰਦੀ ਹੈ ਯਾਨੀ ਕਿ ਮਿਹਣੇ ਤਾਹਨਿਆਂ ਦਾ ਆਦਾਨ ਪ੍ਰਦਾਨ ਚੱਲਦਾ ਐ। ਕਈ ਦਿਨ ਬੋਲ ਬੋਲ ਕੇ ਗੁੱਸਾ ਕੱਢਿਆ ਜਾਂਦਾ ਹੈ, ਆਖ਼ਰ ਬੰਦਾ ਕਿੰਨਾ ਕੁ ਬੋਲ ਸਕਦੈ। ਫਿਰ ਚੁੱਪ ਹੋ ਜਾਂਦਾ ਹੈ ਕਈ ਦਿਨ ਚੁੱਪ ਰਹਿ ਕੇ ਨਸ਼ਟ ਕੀਤੀ ਊਰਜਾ ਫਿਰ @ਕੱਠੀ ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਆਮ ਕਰਕੇ ਔਰਤਾਂ ਵਿੱਚ ਏਦਾਂ ਦੀਆਂ ਲੜਾਈਆਂ ਈ ਹੁੰਦੀਆਂ ਨੇ। ਮੈਂ ਆਪਣੇ ਵਿਚਾਰਾਂ ਨੂੰ ਵਿਰਾਮ ਦੇ ਕੇ ਆਖਿਆ,

÷ ਮੇਰੀ ਗੱਲ ਧਿਆਨ ਨਾਲ ਸੁਣ, ਉਹ ਜਦੋਂ ਕੁਛ ਆਖਦੇ ਨੇ... ਤੂੰ ਜਮਾਂ ਚੁੱਪ ਰਿਹਾ ਕਰ।÷

÷ ਭੈਣੇ ! ਮੈਨੂੰ ਭਾਵੇਂ ਚੰਗੀ ਕਹਿ ਜਾਂ ਮਾੜੀ...ਉਸ ਵੇਲੇ ਚੁੱਪ ਨੀ ਰਿਹਾ ਜਾਂਦਾ। ਉਦੋਂ ਤਾਂ ਪਤਾ ਨੀ ਲੱਗਦਾ ਪਿੱਛੋਂ ਭਾਵੇਂ ਪਛਤਾਵਾ ਈ ਪੱਲੇ ਪਵੇ।÷ ਉਹ ਬੋਲੀ।

÷ ਗੱਲ ਸੁਣ....ਜਦੋਂ ਉਹ ਕੁਛ ਬੋਲਦੇ ਨੇ ਤੂੰ ਸੁਣਿਆ ਨਾ ਕਰ ਜਾਂ ਮਹਾਤਮਾ ਬੁੱਧ ਵਾਂਗ ਆਖ ਦਿੱਤਾ.. ਮੈਂ ਤੁਹਾਡੇ ਵੱਲੋਂ ਦਿੱਤੀ ਚੀਜ਼ ਨਹੀਂ ਲੈ ਰਹੀ। ਇਸ ਕਰਕੇ ਉਹ ਤੁਹਾਡੇ ਕੋਲ ਈ ਰਹੂ। ਤੁਹਾਡੇ ਵੱਲੋਂ ਕਹੀਆਂ ਗੱਲਾਂ ਸਾਰੀਆਂ ਦੀਆਂ ਸਾਰੀਆਂ ਤੁਹਾਡੇ ਕੋਲ ਈ ਰਹਿਣਗੀਆਂ।÷ ਮੈਂ ਵਿਦਵਾਨ ਬਣੀ ਬੈਠੀ ਸੀ। ਉਹ ਮੇਰੀਆਂ ਗੱਲਾਂ ਸੁਣ ਕੇ ਹੱਸੀ ਜਾ ਰਹੀ ਸੀ।

ਗੁੱਸਾ ਪਤੈ ਕੀ ਐ ? ÷ ਮੈਂ ਪੁੱਛਿਆ।

ਹਾਂ....ਕਿਸੇ ਹੋਰ ਦੀ ਕੀਤੀ ਗਲਤੀ ਦੀ ਸਜ਼ਾ ਆਪਣੇ ਆਪ ਨੂੰ ਦੇਣ ਦਾ ਨਾਂ ਗੁੱਸਾ ਹੈ। ਉਸ ਨੇ ਆਖਿਆ। ਮੈਂ ਚੁੱਪ ਸੀ ਉਹ ਹੱਸ ਕੇ ਫਿਰ ਬੋਲੀ, ਇਹ ਮੈਸੇਜ ਮੈਂ ਵੀ ਅੱਜ ਹੀ ਪੜ੍ਹਿਆ।

ਚਲ ਹੋਰ ਸੁਣਾ.... ਜਵਾਕ ਕਿਵੇਂ ਨੇ ? ਮੈਂ ਗੱਲ ਦਾ ਰੁਖ਼ ਬਦਲਦਿਆਂ ਪੁੱਛਿਆ।

ਵਧੀਆ ਨੇ ਸਭ ਠੀਕ ਠਾਕ।÷ ਉਸ ਨੇ ਰਸਮੀ ਜਿਹਾ ਜਵਾਬ ਦਿੱਤਾ।

ਮੈਨੂੰ ਲੱਗਦਾ ਐ ਗੁਲੂਕੋਜ਼ ਦੀ ਬੋਤਲ ਮੁੱਕਣ ਵਾਲੀ ਐ ?÷ ਮੈਂ ਉਸ ਵੱਲੋਂ ਦਿੱਤੇ ਛੋਟੇ ਜਵਾਬ @ਤੇ ਵਿਅੰਗ ਕੀਤਾ।

ਨਹੀਂ.... ਨਹੀਂ...... ਅਜੇ ਦਸ ਪੰਦਰਾਂ ਮਿੰਟ ਹੋਰ ਲੱਗਣਗੇ।÷ ਉਸ ਨੇ ਕਿਹਾ।

ਚਲ ਠੀਕ ਐ ਫਿਰ.... ਆਪਣਾ ਵੀ ਧਿਆਨ ਰੱਖਿਆ ਕਰ। ਮੈਂ ਕਿਹਾ।

÷ ਹਾਂ ਜੀ... ਜ਼ਰੂਰ।÷ ਉਹ ਬੋਲੀ।

÷ ਬਸ ਹੁਣ ਧਿਆਨ ਨਾਲ ਮੇਰੀ ਗੱਲ ਸੁਣ ਲੈ। ਫਿਰ ਮੈਂ ਫੋਨ ਕੱਟਣ ਲੱਗੀ ਆਂ।÷

÷ ਹਾਂ ਜੀ ਬੋਲੋ।÷

÷ ਆਹ ਲੜਾਈਆਂ ਭਿੜਾਈਆਂ ਵਿੱਚ ਕੁਛ ਨੀ ਪਿਆ। ਤੂੰ ਜਮਾਂ ਨੀ ਬੋਲਣਾ। ਬਸ ਚੁੱਪ ਰਹਿਣਾ... ਕਿਸੇ ਨੂੰ ਕੋਈ ਜਵਾਬ ਨੀ ਦੇਣਾ। ਬਸ ਇਹ ਸੋਚ ਲਿਆ ਕਰ....ਤੈਨੂੰ ਕੁਛ ਨੀ ਸੁਣਿਆ। ਵਾਹਿਗੁਰੂ ਵਾਹਿਗੁਰੂ ਆਖੀ ਜਾਇਆ ਕਰ। ਐਂ ਸੋਚ ਲਿਆ ਕਰ ਰੱਬ ਆਪੇ ਭਲੀ ਕਰੂ।÷ ਮੈਂ ਪੂਰੀ ਸਿਆਣਪ ਝਾੜੀ।

÷ ਇਹਨੂੰ ਪਤੈ ਕੀ ਕਹਿੰਦੇ ਨੇ ?÷ ਉਸ ਨੇ ਸਵਾਲ ਕੀਤਾ।

÷ ਕੀ ? ÷

÷ ਇਹਨੂੰ ਸਬਰ ਕਹਿੰਦੇ ਨੇ। ਇਹਦੀ ਮਾਰ ਬੜੀ ਭੈੜੀ ਹੁੰਦੀ ਐ। ਮੈਂ ਨੀ ਚਾਹੁੰਦੀ ਮੇਰੇ ਸਬਰ ਦੀ ਮਾਰ ਉਹਨਾਂ @ਤੇ ਪਵੇ ਅਤੇ ਉਹਨਾਂ ਦਾ ਕੋਈ ਨੁਕਸਾਨ ਹੋਵੇ। ਇਸ ਲਈ ਬੋਲਣਾ ਜ਼ਰੂਰੀ ਹੁੰਦਾ ਐ। ਨਾਲੇ ਅਸੀਂ ਕਿਹੜਾ ਕੋਈ ਰੱਬ ਦੇ ਬਹੁਤੇ ਵੱਡੇ ਭਗਤ ਆਂ ਬਈ ਸਾਡੀਆਂ ਕਹੀਆਂ ਸੁਣੀਆਂ ਪੂਰੀਆਂ ਹੋਣਗੀਆਂ। ਬਸ ਭੜਾਸ ਜਿਹਾ ਕੱਢ ਲਈਦਾ ਐ। ÷ ਉਸ ਦੀ ਇਸ ਗੱਲ ਨੇ ਸਕੂਨ ਜਿਹਾ ਦਿੱਤਾ ਕਿ ਆਪਣਿਆਂ ਨਾਲ ਜਿੰਨਾ ਮਰਜ਼ੀ ਗੁੱਸੇ ਹੋਵੋ ਪਰ ਭੱਜੀਆਂ ਬਾਹਵਾਂ ਫਿਰ ਵੀ ਗਲ਼ ਨੂੰ ਆਉਂਦੀਆਂ ਨੇ। ਉਸ ਦੀ ਇਸ ਗੱਲ ਨੇ ਠੰਢਾ ਜਿਹਾ ਛਿੱਟਾ ਮਾਰ ਦਿੱਤਾ। ਇੱਕ ਤਸੱਲੀ ਭਰਿਆ ਵੱਡਾ ਸਾਰਾ ਸਾਹ ਲਿਆ। ਮੈਨੂੰ ਕੁੱਝ ਆਵਾਜ਼ਾਂ ਸੁਣਾਈ ਦਿੱਤੀਆਂ।

÷ ਚਲ ਠੀਕ ਐ... ਬਾਏ।÷ ਉਸ ਨੇ ਕਿਹਾ।

÷ ਅਜੇ ਤਾਂ ਸੱਤ ਅੱਠ ਮਿੰਟ ਰਹਿੰਦੇ ਨੇ।÷ ਮੈਂ ਕਿਹਾ।

÷ ਦੀਦੀ (ਜੇਠਾਣੀ) ਪਤਾ ਲੈਣ ਆਏ ਨੇ।÷ ਆਖ ਉਸ ਨੇ ਫੋਨ ਕੱਟ ਦਿੱਤਾ। ਉਹ ਆਪਣੀ ਜੇਠਾਣੀ ਨੂੰ ਦੀਦੀ ਆਖਦੀ ਐ। ਮੈਨੂੰ ਮਾਂ ਦੀ ਕਹੀ ਗੱਲ ਚੇਤੇ ਆਈ, @ ਐਨੇ ਕੌੜੇ ਨਾ ਹੋਵੋ, ਕੋਈ ਥੋਨੂੰ ਥੁੱਕ ਦੇਵੇ। ਐਨੇ ਮਿੱਠੇ ਨਾ ਹੋਵੋ, ਅਗਲਾ ਥੋਨੂੰ ਮੂੰਹ ਵਿੱਚ ਪਾ ਲਵੇ। ਮੈਨੂੰ ਲੱਗਿਆ ਸ਼ਾਇਦ ਭੈਣ ਹੁਰੀਂ ਇਸ ਤੇ ਅਮਲ ਕਰ ਰਹੇ ਐ।

# ਲੰਮੀ ਉਮਰ ਲਈ ਵਰਦਾਨ-ਸਾਈਕਲ



ਮਹਾਨ ਵਿਗਿਆਨੀ ਐਲਬਰਟ ਆਇਨਸਟਾਈਨ ਨੇ ਜੀਵਨ ਅਤੇ ਸਾਈਕਲ ਦਾ ਤੁਲਨਾਤਮਕ ਅਧਿਐਨ ਕਰਦਿਆ ਲਿਖਿਆ ਕਿ " ਜਿੰਦਗੀ ਸਾਈਕਲ ਦੀ ਸਵਾਰੀ ਵਰਗੀ ਹੈ।ਆਪਣਾ ਸੰਤੁਲਨ ਬਣਾਈ ਰੱਖਣ ਲਈ, ਤੁਹਾਨੂੰ ਚਲਦੇ ਰਹਿਣਾ ਚਾਹੀਦਾ ਹੈ " ਜਿਸ ਨਾਲ ਇਸਦਾ ਗੁਣਤਾਮਿਕ ਪੱਖ ਆਪ ਮੁਹਾਰੇ ਉਭਰ ਅਉਦਾ ਹੈ ।ਸਯੁੰਕਤ ਰਾਸਟਰ ਦੀ ਜਰਨਲ ਅਸੈਬਲੀ ਨੇ ਅਪ੍ਰੈਲ 2018 ਵਿੱਚ ਤਿੰਨ ਜੂਨ ਨੂੰ ਸਾਈਕਲ ਦਿਵਸ ਐਲਾਨਿਆ ।ਜਿਸ ਲਈ ਅਮਰੀਕਾ ਦੇ ਪ੍ਰੋ ਲੈਸਜੈਕ ਸਿਬਲਿਸਕੀ ਨੇ ਖੂਬ ਪ੍ਰਚਾਰ ਕੀਤਾ । ਕਫਾਇਤੀ , ਭਰੋਸੇਮੰਦ ,ਵਾਤਾਵਰਨ ਸਨੇਹੀ (ਫ੍ਰੈਂਡਲੀ) ਤੇ ਟਿਕਾਊ ਵਾਹਨ ਹੋਣ ਕਾਰਨ 56 ਮੁਲਕਾ ਨੇ ਸਮਰਥਨ ਦਿੱਤਾ ।ਇਸ ਦਿਨ ਨੂੰ ਨੀਲੇ ਤੇ ਚਿੱਟੇ ਰੰਗ ਦੀਆ ਧਾਰੀਆ ਦਾ ਲੋਗੋ ਸਮਰਪਿਤ ਕੀਤਾ ਗਿਆ । ਜੋ ਸਾਈਕਲ ਦੀ ਵਿਲੱਖਣਤਾ, ਬਹੁ-ਉਪਯੋਗੀ ਅਤੇ ਅਣਥੱਕ ਸਫਰ ਦੀ ਤਰਜਮਾਨੀ ਕਰਦਾ ਹੈ ।ਇਸ ਦੇ ਗੁਣਾ ਦੀ ਬਰਾਬਰੀ ਕੋਈ ਦੂਸਰਾ ਵਾਹਨ ਨਹੀ ਕਰ ਸਕਦਾ । ਕਿਸੇ ਅਭਾਗਾ ਦਾ ਬਚਪਨ ਹੀ ਇਸ ਤੋ ਬਿਨਾ ਬੀਤੀਆ ਹੋਵੇਗਾ । ਕੈਂਚੀ ਤੋ ਕਾਠੀ ਤੱਕ ਪਹੁੰਚਦਿਆ ਲੱਗੀ ਚੋਟਾ ਯਾਦਾ ਦੇ ਖਜਾਨੇ ਤੋ ਘੱਟ ਨਹੀ ।ਜਿਸ ਨੂੰ ਦੇਖ ਅਣਮੁੱਲੇ ਦਿਨ ਵਿੱਚ ਗੁਆਚ ਜਾਦੇ ਹਾ ।ਇਹ ਸਾਡੇ ਬਚਪਨ ਤੋ ਬੁਢਾਪੇ ਤੱਕ ਦੇ ਸ਼ਫਰ ਨੂੰ ਸੁਹਾਵਣਾ ਤੇ ਸੁਖਾਲਾ ਬਣਾਉਦਾ ਹੈ ।ਪਰ ਇਸ ਅਣਥੱਕ ਹਮਸਫਰ ਦੀ ਦਾਸਤਾਨ ਬੜੀ ਲੰਮੀ ਤੇ ਉਲਝਣਾ ਭਰੀ ਹੈ ।

ਪਹਿਲਾ ਸਾਈਕਲ ਜਰਮਨ ਦੇ ਬਾਰਨ ਕਾਰਲ ਵਨ ਡੈਰਿਸ ਨੇ ਈਜਾਦ ਕੀਤਾ ।ਜੋ ਬਿਨਾ ਪੈਡਲਾ ਤੋ ਲੱਕੜ ਦੀ ਫਰੇਮ ਨਾਲ ਬਣਾਇਆ ।ਸੰਨ 1817 ਵਿੱਚ ਜਰਮਨ ਦੇ ਸਮਹੂਰ ਸਹਿਰ ਮੈਨਹਾਈਮ ਵਿਚ ਪੇਸ ਕੀਤਾ ਗਿਆ ।ਜਿਸਦਾ ਅਗਲਾ ਚੱਕਾ ਛੋਟਾ ਤੇ ਪਿਛਲਾ ਵੱਡੇ ਆਕਾਰ ਦਾ ਸੀ ਇਹ ਫਰੇਮ ਲਗਾ ਕੇ ਬਰਾਬਰ ਕੀਤੇ ਗਏ ।ਹੈਡਲ ਨੂੰ ਪਕੜ ਪੈਰਾ ਨਾਲ ਧਕੇਲ ਕੇ ਚਲਾਉਦੇ ਸਨ ।ਇਹ ਮਾਡਲ 1818 ਨੂੰ ਪੈਰਿਸ ਵਿੱਚ ਵਰਤਣਾ ਸੁਰੂ ਕੀਤਾ ।ਜੋ ਚਲਾਉਣਾ ਮੁਸਕਲ ਸੀ ।ਪਰ ਨਵੀ ਖੋਜ ਕਾਰਨ ਅਵਾਮ ਤੇ ਵਿਗਿਆਨੀ ਉਤਸਾਹਤ ਜਰੂਰ ਸਨ ।ਸਕਾਟਲੈਂਡ ਦੇ ਕਿਰਕਪੈਟਰਕ ਮੈਕਮਿਲਨ ਨੇ 1839 ਵਿੱਚ ਪੈਡਲ ਲਗਾਉਣ ਦੀ ਸਫਲ ਖੋਜ ਕੀਤੀ ।ਛੋਟਾ ਚੱਕਾ ਪਿੱਛੇ ਲਗਾ ਸਰੀਏ ਨਾਲ ਅਗਲੇ ਵੱਡੇ ਚੱਕਾ ਵਿੱਚ ਪੈਡਲ ਜੋੜੇ । ਜੋ ਵੱਡੀ ਪ੍ਰਪਤੀ ਵਜੋ ਦੇਖਿਆ ਗਿਆ । ਪਰੰਤੂ ਪ੍ਰੈਕਟੀਲ ਪੱਖੋ ਬਹੁਤ ਸੁਧਾਰਾ ਦੀ ਜਰੂਰਤ ਸੀ । ਇਸੇ

ਸਾਈਕਲ ਨਾਲ ਪਹਿਲਾ ਟ੍ਰੈਫਿਕ ਅਪਰਾਧ ਜੁੜਿਆ ਹੈ ।ਜਦੋ ਮੈਕਮਿਲਨ ਨੇ ਗਲਾਸਗੋ ਦੇ ਸਹਿਰ ਗੋਰਬਲਸ ਵਿੱਚ ਛੋਟੀ ਲੜਕੀ ਨੂੰ ਟੱਕਰ ਮਾਰੀ । ਜਿਸ ਲਈ ਪੰਜ ਸੀਲਿੰਗ (ਅਸਟ੍ਰੇਲੀਅਨ ਸਿੱਕੇ )ਜੁਰਮਾਨਾ ਵੀ ਅਦਾ ਕੀਤਾ ।1860 ਦੇ ਸੁਰੂਆਤ ਵਿੱਚ ਪੈਰੀ ਮਿੰਕਹੈਕਸ ਅਤੇ ਪੈਰੀ ਲੈਲੀਮਿੰਟ ਨੇ ਨਵੀ ਵਿਉਂਤ ਲਗਾ ਸਾਈਕਲ ਡੀਜਾਇਨ ਤਿਆਰ ਕੀਤਾ ।ਅਗਲਾ ਵੱਡੇ ਚੱਕਾ ਗਰਾਰੀ (ਕਰੈਂਕ) ਨਾਲ ਘੁੰਮਣ ਯੋਗ ਬਣਾ ਲਿਆ ।ਜੋ ਫਰਾਸ਼ ਵਿਗਿਆਨੀ ਡੁਗਲਸ ਗੁਰਾਸੋ ਕੋਲੋ ਲੰਮਾ ਸਮੇ ਤੋ ਸੰਭਵ ਨਹੀ ਹੋ ਰਿਹਾ ਸੀ ।1869 ਵਿੱਚ ਸਕਾਟਲੈਂਡ ਦੇ ਥੋਮਸ ਮੈਕਸਿਲ ਨੇ ਇਸ ਵਿਧੀ ਦਾ ਟਰਾਈ ਸਾਈਕਲ ਅਤੇ ਬਾਈਸਾਈਕਲ ਵਿੱਚ ਚੰਗਾ ਉਪਯੋਗ ਕੀਤਾ ।ਇਸੇ ਸਾਲ ਪੈਰਿਸ ਦੇ ਖੋਜੀ ਇਵਗਿਨੀ ਮੀਅਰ ਨੇ ਗਜਾ ਵਾਲੇ ਚੱਕੇ ਦੇ ਸਾਈਕਲ ਦੀ ਖੋਜ ਨੂੰ ਰਜਿਸਟਰ ਕਰਵਾ ਲਿਆ ।ਜਿਸ ਵਿਚ ਚੈਨ ,ਰਬੜ ਦਾ ਟਾਇਰ ਤੇ ਸਟੀਲ ਪਾਈਪ ਦੀ ਫਰੇਮ ਫਿੱਟ ਕੀਤੀ ।ਅਗਲਾ ਵੱਡਾ ਟਾਇਰ ਚੰਗੀ ਗਤੀ ਨਾਲ ਜਿਆਦਾ ਰਸਤਾ ਤੈਅ ਕਰਨ ਲੱਗਾ ।ਇਸ ਨੂੰ ਮੁਕੰਮਲ ਸਾਈਕਲ ਦਾ ਦਰਜਾ ਪ੍ਰਪਤ ਹੋਇਆ ।ਉਚੀ ਕਾਠੀ ਤੇ ਵਜਨ ਦੇ ਸੁਤੰਲਿਨ ਦੀ ਕਮੀ ਜਰੂਰ ਰੜਕੀ। ਜਿਸ ਕਾਰਨ ਹਰਮਨਪਿਆਰਾ ਨਾ ਹੋ ਸਕਿਆ ।ਉਂਜ 1870- 80 ਤੱਕ ਸਧਾਰਨ ਜਾ ਉਚਾ ਟਾਇਰ ਸਾਈਕਲ ਵਜੋ ਮਕਬੂਲ ਜਰੂਰ ਰਿਹਾ ।ਜੇਮਸ ਸਟਾਰਲੈਅ ਨੂੰ ਸਾਇਕਲ ਇੰਡਸਟਰੀ ਦਾ ਪਿਤਾਮਾ ਮੰਨਿਆ ਜਾਦਾ ਹੈ ।ਜਿਸ ਦੀਆ ਖੋਜਾ ਨੇ ਗਰਾਰੀਆ ਤੇ ਚੈਨ ਦੇ ਨੁਕਸਾ ਨੂੰ ਖਤਮ ਕੀਤਾ । ਭਾਂਵੇ ਸਾਈਕਲ ਬਣਨੇ ਸੁਰੂ ਹੋ ਗਏ ਸਨ ਪਰ ਸੋਧ ਦਾ ਕੰਮ ਜਾਰੀ ਰਿਹਾ ।

ਰਵਿੰਦਰ ਸਿੰਘ ਧਾਲੀਵਾਲ
ਐਡਵੋਕੇਟ
ਪੰਜਾਬ ਹਰਿਆਣਾ ਹਾਈਕੋਰਟ

# ਰੱਖੜੀ ਦਾ ਤਿਉਹਾਰ



ਰੱਖੜੀ ਦਾ ਤਿਉਹਾਰ ਜਿੱਥੇ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ, ਉੱਥੇ ਹੀ ਇਸ ਦੇ ਪਿੱਛੇ ਛਿੱਪਿਆ ਹੈ ਇੱਕ ਭੈਣ ਦਾ ਆਪਣੇ ਭਰਾ ਉੱਪਰ ਆਪਣੀ ਰੱਖਿਆ ਲਈ ਕੀਤਾ ਜਾਣ ਵਾਲਾ ਵਿਸਵਾਸ। ਸਮੇਂ ਦੇ ਨਾਲ ਜਿਆਦਾਤਰ ਤਿਉਹਾਰਾਂ ਮਨਾਉਣ ਦਾ ਢੰਗ ਬਦਲ ਚੁੱਕਿਆ ਹੈ,ਪਰ ਰੱਖੜੀ ਦਾ ਤਿਉਹਾਰ ਅੱਜ ਵੀ ਪਹਿਲਾਂ ਵਾਂਗ ਹੀ ਮਨਾਇਆ ਜਾਂਦਾ ਹੈ। ਇਸ ਦਿਨ ਸਹੁਰੇ ਗਈਆਂ ਕੁੜੀਆਂ ਆਪਣੇ ਭਰਾ ਨੂੰ ਰੱਖੜੀ ਬੰਨ੍ਹਣ ਲਈ ਪੇਕੇ ਘਰ ਆਉਂਦੀਆਂ ਹਨ। ਭੈਣ ਰੱਖੜੀ ਬੰਨ੍ਹ ਭਰਾ ਦਾ ਮੂੰਹ ਮਿੱਠਾ ਕਰਵਾਉਦੀ ਹੈ ਤੇ ਭਰਾ ਉਸ ਨੂੰ ਨਕਦੀ ਜਾਂ ਤੋਹਫੇ ਆਦਿ ਦਿੰਦਾ ਹੈ।ਜਿਹੜੇ ਭੈਣ-ਭਰਾ ਇੱਕ ਦੂਜੇ ਤੋਂ ਦੂਰ ਦੇਸ - ਵਿਦੇਸ ਵਿੱਚ ਬੈਠੇ ਹੁੰਦੇ ਹਨ ਉਹਨਾਂ ਨੂੰ ਬਹੁਤ ਸਾਰੀਆਂ ਭੈਣਾਂ ਡਾਕ ਰਾਹੀ ਰੱਖੜੀ ਭੇਜਦੀਆਂ ਹਨ।
ਰੱਖੜੀ ਦਾ ਤਿਉਹਾਰ ਭੈਣ -ਭਰਾ ਦੇ ਆਪਸੀ ਪਿਆਰ ਅਤੇ ਮਿਲਵਰਤਨ ਦੇ ਰਿਸ਼ਤੇ ਨੂੰ ਜਾਹਰ ਕਰਦਾ ਹੈ।ਭੈਣ ਨੂੰ ਵੀਰ ਤੇ ਮਾਣ ਹੁੰਦਾ ਹੈ ਤਾਂ ਵੀਰ ਵੀ ਭੈਣ ਨੂੰ ਤੱਤੀ ਵਾਅ ਨਹੀ ਲਗਣ ਦਿੰਦਾ। ਵੀਰ ਹਰ ਤਿਉਹਾਰ ਤੇ ਸੋਹਰੇ ਵਸਦੀ ਭੈਣ ਨੂੰ ਸੰਧਾਰਾ ਦੇ ਕੇ ਆਉਂਦਾ ਹੈ।ਭੈਣ ਅਪਣੇ ਵੀਰ ਵੱਲੋਂ ਹਮੇਸਾ ਠੰਢੜੀ ਹੋਣ ਦੀ ਆਸ ਰੱਖਦੀ ਹੈ। ਉਹ ਵੀਰ ਦੀ ਹਰ ਖੁਸੀ ਦੇ ਵਾਰੇ ਵਾਰੇ ਜਾਂਦੀ ਹੈ।ਭੈਣ ਭਰਾ ਦਾ ਰਿਸਤਾ ਵਧੇਰੇ ਪਾਕ ਅਤੇ ਨਜਦੀਕੀ ਵਾਲਾ ਹੁੰਦਾ ਹੈ ਭੈਣ ਦੀ ਤਹਿ ਦਿਲੋਂ ਆਵਾਜ ਬਣ ਕੇ ਨਿਕਲੇ ਹਨ ਕਿ:-
ਭੈਣ ਵਰਗਾ ਸਾਕ ਨਾ ਕੋਈ ਟੁੱਟ ਕੇ ਨਾ ਬਹਿ ਜੀ ਵੀਰਨਾ
ਵੀਰਾ ਵੇ ਤੂੰ ਭੈਣ ਤੋਂ ਬਨ੍ਹਾ ਲੈ ਰੱਖੜੀ, ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ।
ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ ਨਹੀਂ। ਬੇਸੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਨੇ


ਰਾਜਿੰਦਰ ਰਾਣੀ ਪਿੰਡ ਗੰਢੂਆਂ (ਸੰਗਰੂਰ)
8146859585

ਪਰ ਅਜਿਹੇ ਜਿਊੜੇ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆ ਤੇ ਖੂਬਸੂਰਤ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਕਈ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਨੇ । ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ ਜੋ ਤਾਂ ਉਮਰ ਰੂਹ ਨਾਂਲ ਨਿਪਟਿਆ ਰਹੇ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾਲ ਪੈਂਦਾ ਹੈ। ਕਈ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨ ਜਿਹੜਾ ਉਨ੍ਹਾ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈ ਘਰਾਂ ਵਿਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਨੇ ਤੇ ਖਰਚ ਤੇ ਖੇਚਲ ਦੋ ਵਾਂ ਤੋਂ ਕਤਰਾਉਂਦੀਆਂ ਨੇ। ਕਈ ਆਈਆਂ ਨਨਾਣਾ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ ਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਨੇ ਕਿ ਇਨ੍ਹਾ ਨੂੰ ਭਰਾ ਓਵੇਂ ਹੀ ਪਿਆਰੇ ਨੇ ਜਿਵੇਂ ਸਾਨੂੰ ਆਪਣੇ ਭਰਾ ਨੇ । ਸਾਰੀਆਂ ਭੈਣਾਂ ਨੂੰ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ। ਕਈ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆ ਨੇ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ। ਪਹਿਲੇ ਜ਼ਮਾਨੇ ਵਿਚ ਭੈਣਾਂ ਆਪ ਰੱਖੜੀ ਤਿਆਰ ਕਰਦੀਆਂ ਸਨ ਅਤੇ ਆਪਣੇ ਵੀਰ ਦਾ ਮੂੰਹ ਮਿੱਠਾ ਕਰਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਪਕਵਾਨ ਘਰ ਦੀ ਰਸੋਈ ਵਿਚ ਬਣਾਉਂਦੀਆਂ ਸਨ ਜਿਨ੍ਹਾਂ ਵਿਚ ਖੋਏ ਦੀਆਂ ਪਿੰਨੀਆਂ, ਲੱਡੂ, ਗੁੜ ਵਾਲੀਆਂ ਮੱਠੀਆਂ, ਗੁਲਗਲੇ, ਖੀਰ, ਸੇਵੀਆਂ ਆਦਿ ਵਿਸ਼ੇਸ਼ ਹੁੰਦੇ ਸਨ। ਖੁਸ਼ੀਆਂ ਅਤੇ ਰੰਗ-ਖੇੜਿਆਂ ਨਾਲ ਭਰੇ ਦਿਨ ਸੀ। ਹੁਣ ਦੇ ਸਮੇਂ ਵਿੱਚ ਦੇਖੀਏ, ਭੈਣ ਭਰਾ ਦਾ ਰਿਸਤਾ ਵੀ ਤਿੜਕ ਗਿਆ ਹੈ। ਪਿੱਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ ਨਹੀਂ। ਬੇਸੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾਂ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਨੇ ਤੇ ਅਜਿਹੀਆਂ ਭੈਣਾਂ ਵੀ ਨੇ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰ ਕਰਦੀਆਂ ਤੇ ਪਿਆਰ ਕਰਦੀਆਂ ਨੇ ਪਰ ਅਜਿਹੇ ਭੈਣ ਭਰਾ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਉਦੇਸ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ-ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆਂ ਤੇ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਕਈ ਭੈਣਾਂ ਸੋਨੇ ਜਾਂ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਨੇ । ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ। ਅੱਜ ਦੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ ਨਹੀਂ ਕੱਪੜੇ ਤੇ ਗਹਿਣੇ ਜਾਂ ਪੈਸੇ ਨਾਲ ਪੈਂਦਾ ਹੈ। ਕਈ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨ ਜਿਹੜਾ ਉਨ੍ਹਾਂ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈ ਘਰਾਂ ਵਿਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਨੇ ਤੇ ਕਈ ਆਈਆਂ ਨਣਦਾਂ ਨੂੰ ਦਿਲੋਂ ਸਤਿਕਾਰ ਤੇ ਪਿਆਰ ਕਰਦੀਆਂ ਹਨ ਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਨੇ ਕਿ ਇਨ੍ਹਾਂ ਨੂੰ ਭਰਾ ਓਵੇਂ ਹੀ ਪਿਆਰੇ ਨੇ ਜਿਵੇਂ ਸਾਨੂੰ ਆਪਣੇ ਭਰਾ ਨੇ । ਸਾਰੀਆਂ ਭੈਣਾਂ ਨੂੰ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ। ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।
ਜੋ ਭੈਣ-ਭਰਾ ਕੋਰੋਨਾ ਦੇ ਚੱਲਦਿਆਂ ਇਸ ਵਾਰ ਇੱਕ-ਦੂਜੇ ਤੋਂ ਦੂਰ ਹਨ, ਉਹ ਜਲਦਬਾਜ਼ੀ ਨਾ ਕਰਨ, ਜਿੱਥੇ ਹਨ, ਉਥੋਂ ਹੀ ਰੱਖੜੀ ਦਾ ਤਿਉਹਾਰ ਮਨਾਉਣ। ਵੀਡੀਓ ਕਾਲ, ਆਡਿਓ ਕਾਲ ਰਾਹੀਂ ਇਕ-ਦੂਜੇ ਨੂੰ ਦੇਖੋ।
ਇਹ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਕਿਸੇ ਨੂੰ ਮੂੰਹ ਬੋਲੀ ਭੈਣ ਬਣਾ ਲਵੇ ਤਾਂ ਸਾਡਾ ਸਮਾਜ ਉਸਨੂੰ ਛੇਤੀ ਛੇਤੀ ਪ੍ਰਵਾਨ ਨਹੀਂ ਕਰਦਾ। ਮੂੰਹ ਬੋਲੇ ਰਿਸਤੇ ਦੀ ਤਸਵੀਰ ਦੇ ਇਹ ਦੋ ਪਾਸੇ ਨੇ, ਅਜਿਹੇ ਰਿਸਤੇ ਵੀ ਬਹੁਤ ਸੋਚ ਸਮਝ ਕੇ ਬਣਾਉਣੇ ਚਾਹੀਦੇ ਨੇ ਤਾਂ ਜੋ ਰੱਖੜੀ ਦੀ ਮੋਹ ਭਰੀ ਡੋਰ ਮੈਲੀ ਨਾ ਹੋਵੇ।
ਸਮਾਂ ਬੀਤਣ ਨਾਲ ਇਸ ਤਿਉਹਾਰ ਨਾਲ ਸੰਬੰਧਿਤ ਭਾਵ ਹੀ ਬਦਲ ਗਏ ਹਨ।ਬੇਸੱਕ ਅੱਜ ਰਿਸਤਿਆਂ ਵਿੱਚ ਪਹਿਲਾਂ ਵਾਲੀ ਨਿੱਘ ਤੇ ਨੇੜਤਾ ਨਹੀਂ ਰਹੀ ਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ। ਰੱਖੜੀ ਬਾਰੇ ਇਸ ਲਿਖਤ ਵਿਚ ਕੌੜੀਆਂ ਸੱਚਾਈਆਂ ਨੂੰ ਲਿਖਿਆ ਉਹ ਸਿਰਫ ਇਸ ਲਈ ਕਿ ਸਾਰੇ ਭੈਣ ਭਰਾ ਇਸ ਰਿਸਤੇ ਨੂੰ ਇਕ ਰਸਮੀ ਤਿਉਹਾਰ ਨਾ ਸਮਝਣ। ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾਲੋਂ ਇਸ ਦੀ ਕਦਰ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾਲ ਇਹ ਮੋਹ ਦੀਆਂ ਤੰਦਾਂ ਮਜਬੂਤ ਕਰਨੀਆਂ ਚਾਹੀਦੀਆਂ ਹਨ।
ਅੱਜ ਦੇ ਸਮੇਂ ਵਿੱਚ ਔਰਤਾਂ ਨਾਲ ਹੋ ਰਹੇ ਦੁਰਵਿਵਹਾਰ ਅਤੇ ਉਹਨਾਂ ਉੱਪਰ ਵੱਧ ਰਹੇ ਜੁਲਮਾਂ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਔਰਤ ਨੂੰ ਆਪਣੀ ਸੁਰੱਖਿਆ ਦਾ ਕਦਮ ਆਪ ਹੀ ਚੁੱਕਣਾ ਪਵੇਗਾ। ਬਹੁਤ ਸਾਰੀਆਂ ਔਰਤਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਭਰਾ ਦੇ ਨਹੀਂ ਹੁੰਦੇ ਅਤੇ ਕੁੱਝ ਦੇ ਭਰਾ ਉਹਨਾਂ ਤੋਂ ਦੂਰ ਹੁੰਦੇ ਹਨ। ਅਜਿਹੇ ਵਿਚ ਔਰਤ ਦਾ ਆਪਣੀ ਸੁਰੱਖਿਆ ਲਈ ਸਵੈ-ਨਿਰਭਰ ਹੋਣਾ ਜਰੂਰੀ ਹੈ। ਇਸ ਦੇ ਨਾਲ ਹੀ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਭੈਣਾਂ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਉੱਪਰ ਖੜ੍ਹਾ ਕਰਨ ਤਾਂ ਜੋ ਉਹ ਜੀਂਦਗੀ ਦੇ ਕਿਸੇ ਵੀ ਮੋੜ ਉੱਪਰ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰ ਸਕਣ। ਭਰਾ ਦੁਆਰਾ ਆਪਣੀ ਭੈਣ ਨੂੰ ਦਿੱਤਾ ਜਾਣ ਵਾਲਾ ਇਹ ਸਭ ਤੋਂ ਕੀਮਤੀ ਤੋਹਫਾ ਹੋਵੇਗਾ।

# ਦਿਨੋਂ ਦਿਨ ਮਨਫੀ ਹੋ ਰਿਹਾ ਕਿਰਤ ਸੱਭਿਆਚਾਰ



ਕਿਸੇ ਦਾਰਸਨਿਕ ਨੇ ਕਿਹਾ ਹੈ," ਮਨੁੱਖ ਕੋਲ ਜਿਊਣ ਲਈ ਇੱਕ ਜਿੰਦਗੀ ਹੈ ।" ਉਸਨੇ ਇਹ ਦੇਖਣਾ ਹੈ ਕਿ ਉਸਨੂੰ ਕਿਵੇ ਜਿਊਣਾ ਹੈ ? ਇਸਦੇ ਨਾਲ ਇੱਕ ਸਵਾਲ ਹੋਰ ਪੈਦਾ ਹੁੰਦਾ ਹੈ ਕਿ ਮਨੁੱਖ ਨੇ ਇਸ ਜੀਵਨ ਵਿੱਚ ਹਾਸਿਲ ਕੀ ਕੀਤਾ ? ਮੇਰੇ ਅਨੁਸਾਰ ਮਨੁੱਖੀ ਜਿੰਦਗੀ ਦਾ ਹਾਸਿਲ ਇਹ ਹੈ ਕਿ ਮਨੁੱਖ ਨੇ ਜਿੰਦਗੀ ਨੂੰ ਕਿਵੇਂ ਜੀਵਿਆ। ਸਾਡਾ ਧਰਤੀ ਤੇ ਆਉਣਾ ਤਾਂ ਹੀ ਸਾਰਥਿਕ ਹੈ ਜੇਕਰ ਅਸੀ ਉਸ ਸਮੇਂ ਦੌਰਾਨ ਵੱਧ ਤੋਂ ਵੱਧ ਉਹ ਕਾਰ ਵਿਹਾਰ ਕਰੀਏ ਜਿੰਨ੍ਹਾਂ ਨਾਲ ਸਾਡੀ ਸ਼ਖਸੀਅਤ ਵਿੱਚ ਵੀ ਨਿਖਾਰ ਆਵੇ ਅਤੇ ਸਮਾਜ ਦਾ ਵੀ ਭਲਾ ਹੋਵੇ। ਪੁਰਾਣੇ ਸਮਿਆਂ ਵਿੱਚ ਇੱਕ ਅਖਾਣ ਵਰਤਿਆ ਜਾਂਦਾ ਸੀ ਕਿ 'ਕਿਰਤ ਵਿੱਚ ਸਦਾ ਬਰਕਤਾਂ ਨੇ। 'ਭਾਵ ਕਿਰਤ ਮਨੁੱਖ ਨੂੰ ਆਰਥਿਕ ਪੱਖੋਂ ਹੀ ਨਹੀਂ, ਸਰੀਰਕ ਅਤੇ ਮਾਨਸਿਕ ਪੱਖੋਂ ਵੀ ਸਿਹਤਮੰਦ ਬਣਾਉਂਦੀ ਹੈ। ਕਿਰਤ ਬਾਰੇ ਕਾਰਲ ਮਾਰਕਸ ਨੇ ਲਿਖਿਆ ਹੈ ਕਿ " ਕਿਰਤ ਉਹ ਪ੍ਰਕਿਰਿਆ ਹੈ ਜਿਸ ਵਿੱਚ ਮਨੁੱਖ ਅਤੇ ਪ੍ਰਕਿਰਤੀ ਦੋਵੇਂ ਸ਼ਾਮਿਲ ਹੁੰਦੇ ਹਨ। ਅਸੀਂ ਪੰਜਾਬ ਦੇ ਲੋਕ ਜੇ ਕਿਸੇ ਮਹਾਨ ਸ਼ਖਸੀਅਤ ਨੂੰ ਸਭ ਤੋਂ ਵੱਧ ਮਾਣ ਦਿੰਦੇ ਹਾਂ ਤਾਂ ਉਹ ਹਨ ਗੁਰੂ ਨਾਨਕ ਦੇਵ ਜੀ। ਉਹਨਾਂ ਦਾ ਪਹਿਲਾ ਉਪਦੇਸ ਹੀ ਕਿਰਤ ਕਰੋ ਦਾ ਹੈ। ਉਹਨਾਂ ਗੁਰਬਾਣੀ ਦੀਆਂ ਕਈ ਪੰਗਤੀਆਂ ਵਿੱਚ ਕਿਰਤ ਕਰਨ ਦੀ ਮਹਾਨਤਾ ਦਾ ਜਕਿਰ ਕੀਤਾ ਹੈ ਜਿਹੜੇ ਸਮਾਜਾਂ ਵਿੱਚ ਬਹੁਗਿਣਤੀ ਲੋਕ ਕਿਰਤ ਨਾਲ ਜੁੜੇ ਹੁੰਦੇ ਹਨ, ਉੱਥੇ ਲੋਕਾਂ ਵਿੱਚ ਚੰਗੀਆਂ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਹੁੰਦਾ ਹੈ। ਇਸਦਾ ਪ੍ਰਭਾਵ ਅਗਲੀਆਂ ਪੀੜ੍ਹੀਆਂ ਤਕ ਵੀ ਰਹਿੰਦਾ ਹੈ। ਅੱਜ ਲੋਕ ਵੱਡੀ ਗਿਣਤੀ ਵਿੱਚ ਮਾਨਸਿਕ ਤਨਾਵਾਂ ਦਾ ਸ਼ਿਕਾਰ ਹਨ। ਕੋਈ ਸਮਾਂ ਸੀ ਜਦੋਂ ਸਮਾਜ ਵਿੱਚ ਮਰਦ ਮਿਲ ਕੇ ਖੇਤੀ ਕਰਦੇ ਸਨ ਅਤੇ ਔਰਤਾਂ ਕਈ ਤਰ੍ਹਾਂ ਦੇ ਕੰਮ ਕਰਦੀਆਂ ਸਨ। ਪਰ ਅੱਜ ਕਿਰਤ ਨਾਲ ਜੁੜੀਆਂ ਸਾਝਾਂ ਲਗਪਗ ਖਤਮ ਹੋ ਗਈਆਂ ਹਨ। ਚੀਨੀ ਦਾਰਸਨਿਕ ਕਨਫਿਊਸ਼ੀਅਸ਼ ਦਾ ਕਹਿਣਾ ਹੈ ਕਿ ਧਰਮ ਅਤੇ ਸਿੱਖਿਆ ਗ੍ਰਹਿਣ ਕਰਨ ਨਾਲ ਕੋਈ ਪੂਰਨ ਮਨੁੱਖ ਨਹੀਂ ਬਣ ਜਾਂਦਾ, ਇਸ ਲਈ ਉਸਦਾ ਕਿਰਤ ਨਾਲ ਜੁੜਨਾ ਬਹੁਤ ਜਰੂਰੀ ਹੈ। ਭਾਵ ਕਿਰਤ ਮਨੁੱਖ ਨੂੰ ਪੂਰਨ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦੀ ਹੈ । ਅੱਜ ਸਾਡੇ ਦੇਸ ਦੇ ਨੌਜਵਾਨ ਵੱਡੀਆਂ ਰਕਮਾਂ ਖਰਚ ਕੇ ਵਿਕਸਿਤ ਦੇਸਾਂ ਵਿੱਚ ਜਾਣ ਨੂੰ ਬੇਤਾਬ ਹਨ। ਉੱਥੇ ਸਾਡੇ ਨਾਲੋਂ ਕੀ ਵੱਖਰਾ ਹੈ ? ਇਸਦਾ ਉੱਤਰ ਇਹ ਹੈ ਕਿ ਉੱਥੇ ਕਿਰਤ ਨੂੰ ਸਨਮਾਨ ਮਿਲਦਾ ਹੈ। ਔਖੇ ਭਾਰੇ ਕੰਮ ਕਰਨ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜਾ ਮਿਲਦਾ ਹੈ। ਇੱਕ ਪ੍ਰੋਫੈਸਰ ਨਾਲੋਂ ਟਰੱਕ ਡਰਾਈਵਰ ਨੂੰ ਵੱਧ ਇਵਜਾਨਾ ਮਿਲਦਾ ਹੈ। ਪਰ ਸਾਡੇ ਦੇਸ ਵਿੱਚ ਔਖੇ ਭਾਰੇ ਕੰਮ ਵਾਲਿਆਂ ਨੂੰ ਵੱਧ ਮਾਣ ਅਤੇ ਮੁਆਵਜਾ ਤਾਂ ਕੀ ਮਿਲਣਾ, ਉਲਟਾ ਉਸਨੂੰ ਨੀਵਾਂ ਸਮਝਿਆ ਜਾਂਦਾ ਹੈ । ਹਰ ਦੇਸ਼ ਦੀ ਪ੍ਰਸ਼ਾਸਨਿਕ ਵਿਵਸਥਾ ਚੰਗੇ ਮਾੜੇ ਸਮਾਜਾਂ ਦੀ ਸਿਰਜਣਾ ਕਰਦੀ ਹੈ। ਅੱਜ ਜੇਕਰ ਸਾਡੇ ਸਮਾਜ ਦੀ ਬਹੁਗਿਣਤੀ ਕਿਰਤ ਵਿਹੂਣੀ ਹੋ ਗਈ ਹੈ ਤਾਂ ਉਸਦਾ ਕਾਰਨ ਇਹ ਕਿ ਜਿਸ ਤਰ੍ਹਾਂ ਲੋਕਾਂ ਲਈ ਕਿਰਤ ਦੇ ਵਸੀਲੇ ਪੈਦਾ ਕੀਤੇ ਜਾਣੇ ਸਨ ਨਹੀਂ ਕੀਤੇ ਗਏ। ਅੱਜਕੱਲ੍ਹ ਇਲੈਕਟ੍ਰਿਕ ਅਤੇ ਸ਼ੋਸ਼ਲ ਮੀਡੀਆ ਤੇ ਇੱਕ ਪ੍ਰਚਾਰ ਬੜੇ ਜੋਰ ਸ਼ੋਰ ਨਾਲ ਹੁੰਦਾ ਹੈ ਕਿ ਚੀਨੀ ਸਮਾਨ ਦਾ ਬਾਈਕਾਟ ਕੀਤਾ ਜਾਵੇ। ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਚੀਨ ਵਰਗਾ ਮੁਲਕ ਆਪਣੇ ਦੇਸ ਦੀ ਵੱਡੀ ਆਬਾਦੀ ਨੂੰ ਵੱਖ ਵੱਖ ਕੰਮਾਂ ਨਾਲ ਜੋੜ ਕੇ ਆਲਮੀ ਬਾਜਾਰ ਤੇ ਕਾਬਜ ਹੋ ਸਕਦਾ ਹੈ ਤਾਂ ਅਸੀਂ ਭਾਰਤ ਕਿਉਂ ਨਹੀਂ ? ਪਰ ਸਾਡੇ ਮੁਲਕ ਵਿੱਚ ਲੋਕਾਂ ਨੂੰ ਧਰਮ ਕਰਮ, ਜਾਤਾਂ ਪਾਤਾਂ ਅਤੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਵਿੱਚ ਉਲਝਾਇਆ ਜਾ ਰਿਹਾ ਹੈ। ਸਾਡੇ ਲੋਕਾਂ ਨੂੰ ਕਿਰਤ ਲਈ ਤਿਆਰ ਹੀ ਨਹੀਂ ਕੀਤਾ ਜਾ ਰਿਹਾ। ਸਰਕਾਰਾਂ ਦਾ ਫਰਜ ਬਣਦਾ ਹੈ ਕਿ ਵੱਖ ਵੱਖ ਅਦਾਰਿਆਂ ਵਿੱਚ ਹੁੰਦੀ ਕਿਰਤ ਦੀ ਲੁੱਟ ਨੂੰ ਰੋਕਣ ਵਿੱਚ ਸਕਾਰਾਤਮਕ ਭੂਮਿਕਾ ਨਿਭਾਵੇ। ਪਰ, ਇੱਥੇ ਸਾਡੇ ਮੁਲਕ ਵਿੱਚ ਇਸ ਤੋਂ ਉਲਟ ਹੋ ਰਿਹਾ ਹੈ, ਪੜ੍ਹੇ ਲਿਖੇ ਨੌਜਵਾਨਾਂ ਨੂੰ ਪਹਿਲਾਂ ਤਾਂ ਸਰਕਾਰੀ ਨੌਕਰੀ ਮਿਲਦੀ ਨਹੀਂ, ਜੇਕਰ ਮਿਲਦੀ ਵੀ ਹੈ ਤਾਂ ਕਈ ਸਾਲ ਨਿੱਜੀ ਅਦਾਰਿਆਂ ਦੀ ਤਰ੍ਹਾਂ 10,000 , 15,000 ਤਨਖਾਹ ਮੁਹੱਈਆ ਕਰਵਾਈ ਜਾਂਦੀ ਹੈ। ਸਰਕਾਰਾਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ ਕਿ ਜੇਕਰ ਬੇਰੁਜਗਾਰੀ ਤੋ ਸਤਾਏ ਨੌਜਵਾਨ ਨਸ਼ਿਆ ਦੀ ਦਲਦਲ ਵਿੱਚ ਜਾਂ ਗਲਤ ਸੰਗਤ ਦੇ ਆਦੀ ਹੁੰਦੇ ਹਨ ਤਾਂ ਇਸਦੀ ਜਿੰਮੇਵਾਰੀ ਸਰਕਾਰ ਦੀ ਹੋਵੇਗੀ। ਕਿਰਤ ਜਿੰਦਗੀ ਦਾ ਸਭ ਤੋਂ ਮਹੱਤਵਪੂਰਣ ਹਿੱਸਾ ਹੈ, ਜਿੰਨੀ ਦੇਰ ਕਿਰਤ ਸਾਡਾ ਵਿਹਾਰ ਨਹੀਂ ਬਣਦੀ ਅਸੀਂ ਠੀਕ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦੇ। ਕਿਰਤ ਕਰਨ ਤੋਂ ਬਿਨਾਂ ਕੋਈ ਵੀ ਮਨੁੱਖ ਜਿੰਦਗੀ ਦੇ ਅਰਥ ਨਹੀਂ ਜਾਣ ਸਕਦਾ ਅਤੇ ਨਾ ਹੀ ਜਿੰਦਗੀ ਨਾਲ ਮੁਹੱਬਤ ਕਰ ਸਕਦਾ ਹੈ। ਆਪਣੇ ਮਨਫੀ ਹੋ ਰਹੇ ਕਿਰਤੀ ਸੱਭਿਆਚਾਰ ਨੂੰ ਬਚਾਉਣਾ ਜਿੱਥੇ ਸਾਡੀ ਜਰੂਰਤ ਹੈ ਉਥੇ ਸਾਡੀ ਜਿੰਮੇਵਾਰੀ ਵੀ ਹੈ ਕਿਉਂਕਿ ਅਸੀਂ ਮਿਹਨਤੀ ਅਤੇ ਉੱਦਮੀ ਲੋਕਾਂ ਦੇ ਵਾਰਿਸ ਹਾਂ ਨਾ ਕਿ ਜਾਹਿਲ ਅਤੇ ਆਲਸੀ ਲੋਕਾਂ ਦੇ।

ਹਰਕੀਰਤ ਕੌਰ
9779118066

# ਦੁਨੀਆ ਲਈ ਖਲਨਾਇਕ ਬਣਿਆ 'ਪਲਾਸਟਿਕ' ?






ਦੁਨੀਆ ਭਰ ਦੇ ਵਿੱਚ ਅਜਿਹੀਆਂ ਸਮੱਸਿਆਵਾਂ ਪੈਦਾ ਹੋ ਚੁੱਕੀਆਂ ਨੇ, ਜਿੰਨਾ ਦਾ ਇਲਾਜ ਲੱਗਦਾ ਹੈ ਕਿ, ਇੰਨੀ ਛੇਤੀ ਲੱਭਿਆ ਜਾਣਾ ਸੰਭਵ ਨਹੀਂ, ਇੰਨਾ ਦੀ ਆਦਤ ਸਾਡੀ ਅਵਾਮ ਨੂੰ ਪੈ ਚੁੱਕੀ ਹੈ। ਦਰਅਸਲ ਬਿਮਾਰੀਆਂ ਤਾਂ ਕੋਈ ਨਵੀਆਂ ਨਹੀਂ, ਪਰ ਇਹਨਾਂ ਦਾ ਇਲਾਜ ਨਵੇਂ ਯੁੱਗ ਦੇ ਵਿੱਚ ਹੋਣਾ ਮੁਸ਼ਕਲ ਹੈ। ਕਿਉਂਕਿ ਹਰ ਮਨੁੱਖ ਦੀਆਂ ਲੋੜਾਂ ਹੀ ਏਨੀਆਂ ਜ਼ਿਆਦਾ ਵੱਧ ਚੁੱਕੀਆਂ ਹਨ ਕਿ, ਉਸ ਨੂੰ ਆਸਾ ਪਾਸਾ ਪਤਾ ਹੀ ਨਹੀਂ ਲੱਗ ਰਿਹਾ ਕਿ, ਉਹ ਕਰ ਕੀ ਰਿਹਾ ਹੈ ? ਲਗਾਤਾਰ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਦੇ ਵੱਲ ਕੋਈ ਵੀ ਧਿਆਨ ਨਹੀਂ ਦੇ ਰਿਹਾ। ਜਿਹੜੀਆਂ ਧਿਰਾਂ ਦੇ ਵੱਲੋਂ ਵਾਤਾਵਰਨ ਨੂੰ ਬਚਾਉਣ ਲਈ ਉਪਰਾਲਾ ਕੀਤਾ ਜਾ ਰਿਹਾ ਹੈ, ਉਨ੍ਹਾਂ ਨੂੰ ਹਾਕਮ ਧਿਰ ਦੇ ਵੱਲੋਂ ਨਵੇਂ-ਨਵੇਂ ਕੇਸਾਂ ਦੇ ਤਹਿਤ ਫਸਾ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਭਾਰਤ ਦੇ ਕਈ ਸੂਬਿਆਂ ਦਾ ਅਜਿਹਾ ਹਾਲ ਹੈ, ਜਿੱਥੇ ਵਾਤਾਵਰਨ ਨੂੰ ਬਚਾਉਣ ਵਾਲਿਆਂ ਨੂੰ ਜੇਲ੍ਹਾਂ ਦੀ ਸਜ਼ਾ ਕੱਟਣੀ ਪਈ ਹੈ ਅਤੇ ਪੈ ਰਹੀ ਹੈ। ਇਕੱਲੇ ਭਾਰਤੀ ਨਹੀਂ, ਦੁਨੀਆ ਭਾਰਤ ਦੇ ਵਿੱਚ ਜਿੱਥੇ ਕਿਤੇ ਵੀ ਵਾਤਾਵਰਨ ਨੂੰ ਬਚਾਉਣ ਦੀ ਕੋਸ਼ਿਸ਼ ਹੋਵੇਗੀ ਜਾਂ ਫਿਰ ਹੋ ਰਹੀ ਹੈ, ਉੱਥੇ ਲਗਾਤਾਰ ਦੰਗੇ ਭੜਕ ਰਹੇ ਹਨ, ਸਰਕਾਰਾਂ ਦੇ ਵੱਲੋਂ ਜੰਗਲਾਂ ਦਾ ਵਿਨਾਸ਼, ਜਿਸ ਤਰੀਕੇ ਦੇ ਨਾਲ ਕੀਤਾ ਜਾ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਵਾਤਾਵਰਨ ਸ਼ੁੱਧ ਰਹੇ ਅਤੇ ਅਵਾਮ ਬਚੀ ਰਹੇ। ਕਾਰਪੋਰੇਟ ਘਰਾਣਿਆਂ ਦੇ ਮਗਰ ਲੱਗ ਕੇ ਇਹ ਸਰਕਾਰਾਂ ਦੇ ਵੱਲੋਂ ਜਿਹੜੀਆਂ ਨੀਤੀਆਂ ਅਪਣਾਈਆਂ ਜਾ ਰਹੀਆਂ ਨੇ, ਇਹਨਾਂ ਦਾ ਅਗਲੀ ਪੀੜੀ 'ਤੇ ਤਾਂ ਬੁਰਾ ਅਸਰ ਪਵੇਗਾ ਹੀ, ਸਗੋਂ ਹੁਣ ਦੀ ਸਾਡੀ ਪੀੜੀ 'ਤੇ ਵੀ ਇਸ ਦਾ ਬੇਹੱਦ ਮਾੜਾ ਅਸਰ ਪਵੇਗਾ, ਕਿਉਂਕਿ ਪ੍ਰਦੂਸ਼ਤ ਵਾਤਾਵਰਨ ਦੇ ਨਾਲ ਬਿਮਾਰੀਆਂ ਵਧਣਗੀਆਂ ਅਤੇ ਬਿਮਾਰੀਆਂ ਵਧਣ ਦੇ ਨਾਲ ਮੌਤ ਦਰ ਵਿੱਚ ਵੀ ਵਾਧਾ ਹੋਵੇਗਾ।

ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਵਿੱਚ ਇਕੱਲਾ ਗੰਦਲਾਂ ਪਾਣੀ ਅਤੇ ਹਵਾ ਹੀ ਜ਼ਿੰਮੇਵਾਰ ਨਹੀਂ, ਬਲਕਿ ਇਸ ਦੇ ਵਿੱਚ ਇੱਕ ਹੋਰ ਚੀਜ਼ ਵੀ ਜ਼ਿੰਮੇਵਾਰ ਹੈ, ਜਿਸ ਨੂੰ ਅਸੀਂ ਅਕਸਰ ਹੀ ਭੁੱਲ ਜਾਂਦੇ ਹਾਂ ਅਤੇ ਉਸ ਦੀ ਵਰਤੋਂ ਅਸੀਂ ਰੋਜ਼ਾਨਾ ਆਪਣੀ ਜ਼ਿੰਦਗੀ ਦੇ ਵਿੱਚ ਕਰਦੇ ਹਾਂ, ਉਹ ਹੈ ਪਲਾਸਟਿਕ ਬੈਗ ਜਾਂ ਫਿਰ ਕਹਿ ਲਓ ਲਿਫ਼ਾਫ਼ੇ। ਦੱਸਦੇ ਚੱਲੀਏ ਕਿ, ਪਲਾਸਟਿਕ ਬੈਗਾਂ ਦੀ ਕਹਾਣੀ 1960 ਦੇ ਦਹਾਕੇ ਵਿੱਚ ਸ਼ੁਰੂ ਹੁੰਦੀ ਹੈ, ਜਦੋਂ ਇੱਕ ਸਵੀਡਿਸ਼ ਕੰਪਨੀ, ਨੈਲੋਪਲਾਸਟ ਨੇ ਪੋਲੀਥੀਲੀਨ ਦੇ ਬਣੇ ਹਲਕੇ, ਸਸਤੇ ਅਤੇ ਟਿਕਾਊ ਬੈਗ ਬਣਾਏ। ਉਸ ਸਮੇਂ, ਇਹ ਬੈਗ ਸਹੂਲਤ ਦਾ ਪ੍ਰਤੀਕ ਸਨ। ਇਹ ਕਾਗ਼ਜ਼ ਦੇ ਬੈਗਾਂ ਨਾਲੋਂ ਸਸਤੇ ਸਨ, ਪਾਣੀ ਵਿੱਚ ਖ਼ਰਾਬ ਨਹੀਂ ਹੁੰਦੇ ਸਨ ਅਤੇ ਬਣਾਉਣ ਵਿੱਚ ਵੀ ਬਹੁਤ ਆਸਾਨ ਸਨ। ਇਹ ਬੈਗ ਕੁੱਝ ਹੀ ਸਮੇਂ ਵਿੱਚ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋ ਗਏ। ਪਰ ਇਹ ਸਹੂਲਤ ਹੌਲੀ-ਹੌਲੀ ਇੱਕ ਵਿਸ਼ਵ-ਵਿਆਪੀ ਸੰਕਟ ਵਿੱਚ ਬਦਲ ਗਈ। ਅੱਜ, ਦੁਨੀਆ ਵਿੱਚ ਹਰ ਸਾਲ 5 ਟ੍ਰਿਲੀਅਨ ਤੋਂ ਵੱਧ ਪਲਾਸਟਿਕ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਹਰ ਮਿੰਟ ਵਿੱਚ 10 ਲੱਖ ਬੈਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇੱਕ ਪਲਾਸਟਿਕ ਬੈਗ ਦੀ ਔਸਤ ਵਰਤੋਂ ਸਿਰਫ਼ 12 ਮਿੰਟ ਹੈ, ਪਰ ਇਸਨੂੰ ਪੂਰੀ ਤਰ੍ਹਾਂ ਸੜਨ ਵਿੱਚ 100 ਤੋਂ 500 ਸਾਲ ਲੱਗ ਸਕਦੇ ਹਨ।

ਵੈਸੇ, ਦੁਨੀਆ ਭਰ ਦੇ ਕਈ ਮੁਲਕਾਂ ਦੇ ਵਿੱਚ ਭਾਵੇਂ ਕਿ ਸਿੰਗਲ ਯੂਜ਼ ਪਲਾਸਟਿਕ 'ਤੇ ਬੈਨ ਲਗਾਇਆ ਹੋਇਆ ਹੈ। ਪਰ ਬਾਵਜੂਦ ਇਸ ਦੇ ਚੋਰੀ ਛਿਪੇ ਵਿਕ ਰਿਹਾ ਹੈ। ਭਾਰਤ ਵਿੱਚ ਵੀ, 2022 ਤੋਂ ਸਿੰਗਲ ਯੂਜ਼ ਪਲਾਸਟਿਕ 'ਤੇ ਪਾਬੰਦੀ ਲਗਾਈ ਗਈ ਸੀ। ਪਰ ਇਸ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਹਾਲੇ ਤੱਕ ਵੀ ਨਹੀਂ ਕੀਤਾ ਗਿਆ। ਜਿਹੜੀਆਂ ਛੋਟੀਆਂ ਦੁਕਾਨਾਂ ਹਨ, ਉੱਥੇ ਤਾਂ ਛਾਪੇਮਾਰੀ ਕਰਕੇ ਅਫ਼ਸਰਾਂ ਦੇ ਵੱਲੋਂ ਲਿਫ਼ਾਫ਼ੇ ਜ਼ਬਤ ਕਰ ਲਏ ਜਾਂਦੇ ਨੇ ਅਤੇ ਜਿਹੜੀਆਂ ਵੱਡੀਆਂ ਕਾਰਪੋਰੇਟ ਕੰਪਨੀਆਂ ਦੇ ਵੱਲੋਂ ਇਹਨਾਂ ਲਿਫਾਫੀਆਂ ਨੂੰ ਬਣਾਇਆ ਜਾਂਦਾ ਹੈ, ਉਨ੍ਹਾਂ 'ਤੇ ਸਰਕਾਰਾਂ ਦੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਭਾਵੇਂ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵੱਲੋਂ ਵੱਖੋ ਵੱਖ ਰਿਪੋਰਟਾਂ ਸਾਹਮਣੇ ਆ ਚੁੱਕੀਆਂ ਹਨ ਕਿ, ਇਹਨਾਂ ਪਲਾਸਟਿਕ ਦੇ ਲਿਫ਼ਾਫ਼ਿਆਂ ਦੇ ਕਾਰਨ ਸਾਡੇ ਮੁਲਕ ਦੇ ਅੰਦਰ ਨਵੀਆਂ ਨਵੀਆਂ ਬਿਮਾਰੀਆਂ ਫੈਲ ਰਹੀਆਂ ਨੇ, ਪਰ ਇਸ ਦੇ ਵੱਲ ਕੋਈ ਧਿਆਨ ਨਹੀਂ ਦੇ ਰਿਹਾ।

ਇਹ ਖ਼ਤਰਾ ਜਿੰਨਾ ਸੁਣਨ ਵਿੱਚ ਆਮ ਲੱਗਦਾ ਹੈ ਉਸ ਤੋਂ ਕਿਤੇ ਖ਼ਤਰਨਾਕ ਹੈ। ਇਸ ਦਾ ਰੋਜ਼ਾਨਾ ਵਰਤੋਂ ਵਿੱਚ ਆਉਣਾ। ਅਸੀਂ ਰੋਜ਼ਾਨਾ ਹੀ ਪਲਾਸਟਿਕ ਦੀ ਵਰਤੋਂ ਕਰਦੇ ਹਾਂ। ਉਸ ਨੂੰ ਸੁੱਟਦੇ ਕਿੱਥੇ ਹਾਂ, ਇਹ ਤਾਂ ਅਸੀਂ ਸਭ ਜਾਣਦੇ ਹੀ ਹਾਂ, ਪਰ ਕੀ ਇਸ ਲਈ ਇਕੱਲੀ ਅਵਾਮ ਹੀ ਜ਼ਿੰਮੇਵਾਰ ਹੈ ? ਕੀ ਅਵਾਮ ਉੱਤੇ ਹੀ ਕਾਰਵਾਈ ਕਰ ਕੇ ਸਰਕਾਰ ਇਸ ਪਲਾਸਟਿਕ ਨੂੰ ਕਹਿ ਲਓ ਜਾਂ ਫਿਰ ਲਿਫ਼ਾਫ਼ਿਆਂ ਨੂੰ ਖ਼ਤਮ ਕਰ ਸਕੇਗੀ ? ਖ਼ੈਰ, ਸਵਾਲ ਤਾਂ ਬੜੇ ਨੇ, ਪਰ ਸ਼ੁਰੂਆਤ ਇੱਥੋਂ ਹੀ ਕਰਦੇ ਹਾਂ ਕਿ ਦੇਸ਼ ਭਰ ਦੇ ਅੰਦਰ ਤੰਬਾਕੂ ਦੀ ਵਰਤੋਂ ਕਰਨਾ ਖੁੱਲੇ ਦੇ ਵਿੱਚ ਬੈਨ ਹੈ। ਪਰ ਫਿਰ ਵੀ ਇਸ ਦੀ ਵਰਤੋਂ ਖੁੱਲੇ ਆਮ ਹੁੰਦੀ ਹੈ, ਜਿਸ 'ਤੇ ਕਦੇ ਵੀ ਸਰਕਾਰ ਦੇ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਜਾਂਦੀ। ਅਦਾਲਤਾਂ ਵਿੱਚ ਵੀ ਅਜਿਹੇ ਮਸਲੇ ਬੜੇ ਪੁੱਜੇ ਨੇ, ਪਰ ਉਨ੍ਹਾਂ ਦਾ ਅਸਰ ਕਿੱਥੇ ਵੇਖਣ ਨੂੰ ਮਿਲਿਆ ? ਸਿਹਤ ਵਿਭਾਗ ਵੀ ਅਜਿਹੀਆਂ ਚੇਤਾਵਨੀਆਂ ਦਿੰਦਾ ਰਹਿੰਦਾ ਹੈ ਕਿ, ਖੁੱਲੇ ਦੇ ਵਿੱਚ ਤੰਬਾਕੂ ਦਾ ਸੇਵਨ ਨਾ ਕੀਤਾ ਜਾਵੇ, ਕਿਉਂਕਿ ਇਸ ਦਾ ਅਸਰ ਤੰਬਾਕੂ ਸੇਵਨ ਕਰਨ ਵਾਲੇ ਤੇ ਤਾਂ ਹੁੰਦਾ ਹੀ ਹੈ ਸਗੋਂ ਉਸ ਦੇ ਕੋਲ ਖੜੇ ਇਨਸਾਨ ਉੱਤੇ ਵੀ ਇਸ ਦਾ ਅਸਰ ਹੁੰਦਾ ਹੈ।

ਕੇਂਦਰੀ ਸਿਹਤ ਮੰਤਰਾਲਾ ਅਤੇ ਸੂਬਿਆਂ ਦੇ ਸਿਹਤ ਵਿਭਾਗਾਂ ਦੇ ਵੱਲੋਂ ਵੀ ਸਮੇਂ-ਸਮੇਂ 'ਤੇ ਇਸ ਨੂੰ ਲੈ ਕੇ ਆਪੋ ਆਪਣੇ ਬਿਆਨ ਜਾਰੀ ਕੀਤੇ ਜਾਂਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਅਸੀਂ ਤੰਬਾਕੂ ਮੁਕਤ ਸਮਾਜ ਸਿਰਜਣਾ ਹੈ। ਕੀ ਇਹ ਸਭ ਕੁੱਝ ਕਹਿਣ ਦੇ ਨਾਲ ਹੋ ਜਾਵੇਗਾ ? ਨਹੀਂ, ਬਿਲਕੁਲ ਨਹੀਂ। ਕਿਉਂਕਿ ਜਿੰਨਾ ਦੇ ਵੱਲੋਂ ਅਜਿਹੀਆਂ ਖ਼ਤਰਨਾਕ ਚੀਜ਼ਾਂ 'ਤੇ ਬੈਨ ਲਗਾਉਣਾ ਹੈ, ਉਹ ਖ਼ੁਦ ਤੰਬਾਕੂ ਅਤੇ ਸਿਗਰਟ ਬਣਾਉਣ ਵਾਲੀਆਂ ਕੰਪਨੀਆਂ ਦੇ ਨਾਲ ਮਿਲ ਚੁੱਕੀਆਂ ਹਨ। ਸਰਕਾਰਾਂ ਦੇ ਵੱਲੋਂ ਹੀ ਪਲਾਸਟਿਕ (ਲਿਫ਼ਾਫ਼ੇ) ਬਣਾਉਣ ਵਾਲੀਆਂ ਕੰਪਨੀਆਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਅਤੇ ਉਹੀ ਪਲਾਸਟਿਕ ਦੇ ਲਿਫ਼ਾਫ਼ੇ ਬਾਜ਼ਾਰ ਦੇ ਵਿੱਚ ਜਦੋਂ ਆਉਂਦੇ ਨੇ ਤਾਂ, ਉਦੋਂ ਛੋਟੇ ਦੁਕਾਨਦਾਰਾਂ ਨੂੰ ਜਾਂ ਫਿਰ ਆਮ ਖ਼ਰੀਦਦਾਰਾਂ ਕੋਲੋਂ ਲਿਫ਼ਾਫ਼ੇ ਫੜ ਕੇ ਵੱਡੇ ਵੱਡੇ ਸਰਕਾਰੀ ਅਫ਼ਸਰ ਲੈ ਜਾਂਦੇ ਨੇ, ਪਰ ਕੀ ਇਹਨਾਂ ਅਫ਼ਸਰਾਂ ਨੇ ਕਦੇ ਪਲਾਸਟਿਕ ਦੀਆਂ ਕੰਪਨੀਆਂ ਦੇ ਮਾਲਕਾਂ ਦੇ ਕਾਲਰ ਨੂੰ ਹੱਥ ਪਾਇਆ ਹੈ, ਨਹੀਂ ?

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਗੁਰਪ੍ਰੀਤ
95698- 20314

ਦੁਨੀਆ ਭਰ ਦੀ ਇਹ ਸਮੱਸਿਆ, ਇਸ ਵੇਲੇ ਪੂਰੇ ਸਿਖਰ 'ਤੇ ਪਹੁੰਚ ਚੁੱਕੀ ਹੈ। ਭਾਰਤ ਦਾ ਕੋਈ ਵੀ ਅਜਿਹਾ ਦਰਿਆ, ਨਦੀ ਜਾਂ ਖਾਲ੍ਹੀ ਸਾਫ਼ ਨਹੀਂ ਹੋਣੀ, ਜਿੱਥੇ ਪਲਾਸਟਿਕ ਨਾ ਸੁੱਟਿਆ ਜਾਂਦਾ ਹੋਵੇ। ਹਰ ਨਦੀ ਦੇ ਵਿੱਚ ਦਰਿਆ ਦੇ ਵਿੱਚ ਅਜਿਹਾ ਸਭ ਕੁੱਝ ਸੁੱਟਿਆ ਜਾ ਰਿਹਾ ਹੈ, ਜਿਸ ਦੇ ਨਾਲ ਪਾਣੀ ਪ੍ਰਦੂਸ਼ਿਤ ਤਾਂ ਹੋ ਰਿਹਾ ਹੈ, ਨਾਲ ਹੀ ਧਰਤੀ ਵੀ ਗੰਧਲੀ ਹੋ ਰਹੀ ਹੈ। ਪਰ ਇਸ ਵੱਲ ਧਿਆਨ ਕਦੋਂ ਦਿੱਤਾ ਜਾਵੇਗਾ ? ਸਰਕਾਰਾਂ ਦੇ ਵੱਲੋਂ ਸਮੇਂ-ਸਮੇਂ 'ਤੇ ਦਾਅਵੇ ਅਤੇ ਵਾਅਦੇ ਤਾਂ ਬਥੇਰੇ ਕੀਤੇ ਜਾਂਦੇ ਨੇ, ਪਰ ਅਸਲ ਦੇ ਵਿੱਚ ਕੀਤਾ ਕੁੱਝ ਵੀ ਨਹੀਂ ਜਾਂਦਾ। ਕਹਿੰਦੇ ਨੇ ਕਿ, ਬੰਗਲਾਦੇਸ਼ ਨੇ 2022 ਵਿੱਚ ਸਿੰਗਲ ਯੂਜ਼ ਪਲਾਸਟਿਕ ਉੱਤੇ ਪੂਰੀ ਤਰਾਂ ਦੇ ਨਾਲ ਪਾਬੰਦੀ ਲਗਾ ਦਿੱਤੀ ਸੀ। ਪਰ ਬਾਵਜੂਦ ਇਸਦੇ ਉੱਥੇ ਪਲਾਸਟਿਕ ਦੇ ਬੈਗ ਖੁੱਲ੍ਹੇਆਮ ਵਿਕ ਰਹੇ ਨੇ। ਦੱਸਿਆ ਜਾਂਦਾ ਹੈ ਕਿ ਪਲਾਸਟਿਕ ਬੈਗਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਪੂਰੀ ਦੁਨੀਆ ਵਿੱਚ ਵੈਸੇ ਤਾਂ ਕਈ ਕਦਮ ਚੁੱਕੇ ਜਾ ਰਹੇ ਨੇ, ਪਰ 2008 ਵਿੱਚ ਸਪੇਨ ਦੇ ਕੈਟਾਲੋਨੀਆ ਤੋਂ ਸ਼ੁਰੂ ਹੋਈ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਯੋਜਨਾ, ਅੱਜ ਭਾਵੇਂ ਹੀ ਪੂਰੀ ਦੁਨੀਆ ਵਿੱਚ ਫੈਲ ਚੁੱਕੀ ਹੈ ਅਤੇ 100 ਤੋਂ ਵੱਧ ਦੇਸ਼ਾਂ ਵਿੱਚ ਇਸ ਨੂੰ ਮਨਾਇਆ ਜਾਣ ਲੱਗਿਆ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸਿਰਫ਼ ਪਲਾਸਟਿਕ ਬੈਗ ਮੁਕਤ ਦਿਵਸ ਮਨਾ ਕੇ ਜਾਂ ਯੋਜਨਾਵਾਂ ਚਲਾ ਕੇ ਹੀ ਪਲਾਸਟਿਕ ਬੈਗ ਨੂੰ ਖ਼ਤਮ ਕੀਤਾ ਜਾ ਸਕਦਾ ਹੈ ? ਮੈਨੂੰ ਲੱਗਦਾ ਹੈ ਕਿ ਅਜਿਹਾ ਨਹੀਂ, ਕਿਉਂਕਿ ਜਿੰਨੀ ਦੇਰ ਤੱਕ ਲੋਕਾਂ ਦੇ ਦਿਮਾਗ਼ ਦੇ ਵਿੱਚ ਇਹ ਗੱਲ ਨਹੀਂ ਭਰੀ ਜਾਵੇਗੀ ਕਿ ਪਲਾਸਟਿਕ ਬੈਗ ਲਿਫ਼ਾਫ਼ਿਆਂ ਅਤੇ ਇਹਨਾਂ ਤੋਂ ਨਿਕਲਣ ਵਾਲੇ ਪ੍ਰਦੂਸ਼ਣ ਦਾ ਮਨੁੱਖ ਦੀ ਜ਼ਿੰਦਗੀ 'ਤੇ ਗਹਿਰਾ ਪ੍ਰਭਾਵ ਪੈਂਦਾ ਹੈ, ਓਨੀ ਦੇਰ ਤੱਕ ਕੋਈ ਵੀ ਮਨੁੱਖ ਇਸ ਨੂੰ ਛੱਡੇਗਾ ਨਹੀਂ।

ਕੈਨੇਡਾ, ਆਸਟ ?ਰੇਲੀਆ ਅਤੇ ਕਈ ਅਫ਼ਰੀਕੀ ਦੇਸ਼ਾਂ ਨੇ ਵੀ ਪਲਾਸਟਿਕ ਬੈਗਾਂ 'ਤੇ ਪਾਬੰਦੀ ਲਗਾਈ ਹੈ ਜਾਂ ਟੈਕਸ ਲਗਾਇਆ ਹੈ। ਪਲਾਸਟਿਕ ਬੈਗਾਂ ਦਾ ਪ੍ਰਭਾਵ ਵੈਸੇ, ਸਿਰਫ਼ ਵਾਤਾਵਰਨ ਤੱਕ ਸੀਮਤ ਨਹੀਂ, ਇਹ ਸਾਡੇ ਸਮਾਜ ਅਤੇ ਅਰਥ ਵਿਵਸਥਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕੁੱਝ ਸਰਕਾਰੀ ਰਿਪੋਰਟਾਂ ਕਹਿੰਦੀਆਂ ਨੇ ਕਿ, ਸਰਕਾਰਾਂ ਨੂੰ ਹਰ ਸਾਲ ਸਫ਼ਾਈ ਲਈ ਅਰਬਾਂ ਰੁਪਏ ਖ਼ਰਚਣੇ ਪੈਂਦੇ ਨੇ, ਪਰ ਸਵਾਲ ਇਹ ਹੈ ਕਿ ਇਹ ਸਰਕਾਰਾਂ ਕੀ ਵਾਕਿਆ ਹੀ ਸਾਫ਼ ਸਫ਼ਾਈ ਲਈ ਅਰਬਾਂ ਰੁਪਏ ਖ਼ਰਚਦੀਆਂ ਹਨ ? ਲੱਗਦਾ ਨਹੀਂ। ਕਿਉਂਕਿ ਜੇਕਰ ਅਰਬਾਂ ਰੁਪਏ ਨਦੀਆਂ-ਨਾਲਿਆਂ ਨੂੰ ਸਾਫ਼ ਕਰਨ ਵਾਸਤੇ, ਉਨ੍ਹਾਂ ਦੇ ਵਿੱਚੋਂ ਪਲਾਸਟਿਕ ਬੈਗ, ਪਤਲਾ ਪਲਾਸਟਿਕ ਲਿਫ਼ਾਫ਼ੇ ਕੱਢਣ ਵਾਸਤੇ ਖ਼ਰਚ ਕੀਤੇ ਜਾਂਦੇ ਹੋਣ ਤਾਂ, ਹੁਣ ਤੱਕ ਸਾਡੇ ਮੁਲਕ ਦੀਆਂ ਨਦੀਆਂ 'ਚੋਂ ਪੀਣ ਵਾਲਾ ਪਾਣੀ ਬਚ ਗਿਆ ਹੁੰਦਾ, ਪਰ ਅਜਿਹਾ ਨਹੀਂ ਹੋ ਰਿਹਾ, ਕਿਉਂਕਿ ਪੀਣ ਵਾਲਾ ਪਾਣੀ ਤਾਂ ਇਸ ਵੇਲੇ ਕੈਂਸਰ ਦਾ ਰੂਪ ਧਾਰਨ ਕਰ ਚੁੱਕਿਆ ਹੈ। ਕੂੜੇ ਦੇ ਪਹਾੜ ਵੱਡੇ ਵੱਡੇ ਸ਼ਹਿਰਾਂ ਵਿੱਚ ਵੇਖੇ ਜਾ ਸਕਦੇ ਨੇ, ਕਈ ਸ਼ਹਿਰਾਂ ਦੇ ਵਿੱਚ ਤਾਂ ਵਿਧਾਇਕ ਅਤੇ ਲੋਕ ਸਭਾ ਮੈਂਬਰ, ਇਸੇ ਗੱਲ ਤੋਂ ਚੁਣੇ ਗਏ ਕਿ ਉਹ ਸ਼ਹਿਰ ਦੇ ਵਿੱਚੋਂ ਕੂੜੇ ਦੇ ਪਹਾੜ ਨੂੰ ਹਟਾਉਣਗੇ ਅਤੇ ਸੁੰਦਰ ਸ਼ਹਿਰ ਬਣਾਉਣਗੇ, ਪਰ ਅਜਿਹਾ ਕਦੇ ਵੀ ਨਹੀਂ ਹੁੰਦਾ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ, ਪਲਾਸਟਿਕ ਬੈਗ ਵਾਤਾਵਰਨ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦੇ ਹਨ। ਇਹ ਬੈਗ ਨਾ ਤਾਂ ਆਸਾਨੀ ਨਾਲ ਪਿਘਲਦੇ ਹਨ ਅਤੇ ਨਾ ਹੀ ਪੂਰੀ ਤਰਾਂ ਰੀਸਾਈਕਲ ਕੀਤੇ ਜਾਂਦੇ ਹਨ। ਵਿਸ਼ਵ ਪੱਧਰ 'ਤੇ, ਸਿਰਫ਼ 1-3% ਪਲਾਸਟਿਕ ਬੈਗ ਰੀਸਾਈਕਲ ਕੀਤੇ ਜਾਂਦੇ ਹਨ। ਬਾਕੀ ਜਾਂ ਤਾਂ ਲੈਂਡਫਿਲ ਵਿੱਚ ਜਮ ?ਹਾਂ ਹੋ ਜਾਂਦੇ ਹਨ ਜਾਂ ਨਦੀਆਂ ਅਤੇ ਸਮੁੰਦਰਾਂ ਵਿੱਚ ਪਹੁੰਚ ਜਾਂਦੇ ਹਨ ਅਤੇ ਤਬਾਹੀ ਮਚਾਉਂਦੇ ਹਨ। ਹਰ ਸਾਲ 8 ਮਿਲੀਅਨ ਮੀਟਰਿਕ ਟਨ ਪਲਾਸਟਿਕ ਸਮੁੰਦਰ ਵਿੱਚ ਪਹੁੰਚਦਾ ਹੈ, ਜਿਸ ਵਿੱਚੋਂ ਪਲਾਸਟਿਕ ਬੈਗ ਇੱਕ ਵੱਡਾ ਹਿੱਸਾ ਬਣਦੇ ਹਨ। ਇਹ ਬੈਗ ਕੱਛੂਆਂ, ਮੱਛੀਆਂ ਅਤੇ ਵ ?ਹੇਲਾਂ ਵਰਗੇ ਸਮੁੰਦਰੀ ਜੀਵਾਂ ਲਈ ਘਾਤਕ ਸਾਬਤ ਹੁੰਦੇ ਹਨ। ਹਰ ਸਾਲ 10 ਲੱਖ ਤੋਂ ਵੱਧ ਸਮੁੰਦਰੀ ਜੀਵ ਪਲਾਸਟਿਕ ਨਿਗਲਣ ਜਾਂ ਇਸ ਵਿੱਚ ਫਸਣ ਕਾਰਨ ਮਰ ਜਾਂਦੇ ਹਨ।

ਭਾਰਤ ਵਿੱਚ ਵੀ ਪਲਾਸਟਿਕ ਦੇ ਥੈਲਿਆਂ (ਲਿਫ਼ਾਫ਼ਿਆਂ) ਨੇ ਕਾਰਨ ਸਥਿਤੀ ਚਿੰਤਾਜਨਕ ਹੈ। ਸਾਡੇ ਸ਼ਹਿਰਾਂ ਵਿੱਚ ਨਾਲੀਆਂ ਅਤੇ ਸੀਵਰ ਸਿਸਟਮ ਅਕਸਰ ਪਲਾਸਟਿਕ ਦੇ ਥੈਲਿਆਂ ਕਾਰਨ ਬੰਦ ਹੋ ਜਾਂਦੇ ਹਨ। ਇਹ ਪਲਾਸਟਿਕ ਦਾ ਕੂੜਾ ਮਹਾਂਨਗਰਾਂ ਵਿੱਚ ਮਾਨਸੂਨ ਦੌਰਾਨ ਹੜ੍ਹਾਂ ਦਾ ਇੱਕ ਵੱਡਾ ਕਾਰਨ ਹੈ। ਇਹ ਥੈਲੇ ਮੀਂਹ ਦੇ ਪਾਣੀ ਨੂੰ ਬਾਹਰ ਜਾਣ ਤੋਂ ਰੋਕਦੇ ਹਨ, ਜਿਸ ਨਾਲ ਸੜਕਾਂ 'ਤੇ ਪਾਣੀ ਭਰ ਜਾਂਦਾ ਹੈ। ਇਸ ਤੋਂ ਇਲਾਵਾ, ਜਦੋਂ ਪਲਾਸਟਿਕ ਦੇ ਥੈਲੇ ਧੁੱਪ ਵਿੱਚ ਸੜ-ਬਲ ਜਾਂਦੇ ਹਨ, ਤਾਂ ਇਹ ਮਾਈਕ੍ਰੋਪਲਾਸਟਿਕ ਵਿੱਚ ਬਦਲ ਜਾਂਦੇ ਹਨ। ਪਲਾਸਟਿਕ ਦੇ ਥੈਲੇ ਨਾ ਸਿਰਫ਼ ਸਮੁੰਦਰਾਂ ਨੂੰ, ਸਗੋਂ ਸਾਡੀ ਮਿੱਟੀ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਇਹ ਥੈਲੇ ਖੇਤਾਂ ਜਾਂ ਜ਼ਮੀਨ 'ਤੇ ਸੁੱਟੇ ਜਾਂਦੇ ਹਨ, ਤਾਂ ਇਹ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘਟਾਉਂਦੇ ਹਨ। ਮਾਈਕ੍ਰੋਪਲਾਸਟਿਕਸ ਮਿੱਟੀ ਵਿੱਚ ਮੌਜੂਦ ਸੂਖਮ ਜੀਵਾਂ ਨੂੰ ਨਸ਼ਟ ਕਰ ਦਿੰਦੇ ਹਨ, ਜੋ ਫ਼ਸਲਾਂ ਲਈ ਜ਼ਰੂਰੀ ਹਨ।

ਭਾਰਤ ਵਰਗੇ ਖੇਤੀਬਾੜੀ ਵਾਲੇ ਦੇਸ਼ ਵਿੱਚ ਇਹ ਇੱਕ ਗੰਭੀਰ ਸਮੱਸਿਆ ਹੈ, ਕਿਉਂਕਿ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਖੇਤੀ 'ਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ, ਪਲਾਸਟਿਕ ਦੇ ਥੈਲਿਆਂ ਨੂੰ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਸਾਹ ਦੀਆਂ ਬਿਮਾਰੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ। ਇਸ ਵੇਲੇ ਸਰਕਾਰਾਂ ਨੂੰ ਸਖ਼ਤ ਕਦਮ ਚੁੱਕਣਾ ਚਾਹੀਦਾ ਹੈ ਅਤੇ ਪਲਾਸਟਿਕ ਨੂੰ ਸਮਾਜ ਦੇ ਵਿੱਚੋਂ ਕਿਵੇਂ ਖ਼ਤਮ ਕੀਤਾ ਜਾਵੇ ਤੇ ਇਸ ਦੇ ਬਦਲ ਵਜੋਂ ਕੀ ਵਰਤਿਆ ਜਾਵੇ, ਉਹ ਵੀ ਦੱਸਣਾ ਚਾਹੀਦਾ ਹੈ। ਇੱਕੋ ਦਮ ਕੋਈ ਵੀ ਚੀਜ਼ ਨੂੰ, ਅਸੀਂ ਬੰਦ ਨਹੀਂ ਕਰ ਸਕਦੇ। ਮੰਡੀਆਂ ਦੇ ਵਿੱਚੋਂ ਜੇਕਰ ਲਿਫ਼ਾਫ਼ੇ, ਪਤਲਾ ਪਲਾਸਟਿਕ ਖ਼ਤਮ ਕਰਨਾ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਉਸ ਦੇ ਬਦਲ ਵਜੋਂ ਦੁਕਾਨਦਾਰਾਂ ਨੂੰ ਕੁੱਝ ਨਾ ਕੁੱਝ ਦੇਣਾ ਪਵੇਗਾ ਤਾਂ, ਜਾ ਕੇ ਹੀ ਇਸ ਤੇ ਰੋਕ ਲਾਈ ਜਾ ਸਕਦੀ ਹੈ। ਇਕੱਲੇ ਜੁਰਮਾਨੇ ਕਰਨ ਦੇ ਨਾਲ, ਇਹ ਕਹਿਰ ਰੁਕ ਨਹੀਂ ਸਕਦਾ। ਵੈਸੇ ਮਰਦੀ ਅਵਾਮ ਨੂੰ ਵੇਖ ਕੇ, ਸਰਕਾਰ ਨਹੀਂ ਚਾਹੁੰਦੀ ਕਿ ÷ਵੱਡਿਆਂ÷ ਨੂੰ ਯਾਨੀ ਕਿ ਕਾਰਪੋਰੇਟ ਘਰਾਣਿਆਂ ਨੂੰ ਕੋਈ ਨੁਕਸਾਨ ਪਹੁੰਚੇ। ਕਿਉਂਕਿ ਉਨ੍ਹਾਂ ਦੁਆਰਾ ਉਸਾਰੀਆਂ ਗਈਆਂ ਫ਼ੈਕਟਰੀਆਂ ਦੇ ਕਾਰਨ ਹੀ ਸਿਆਸੀ ਪਾਰਟੀਆਂ ਨੂੰ ਮੋਟਾ ਫ਼ੰਡ ਜੋ ਜਾਂਦਾ ਹੈ, ਜਿਸ ਦੇ ਕਾਰਨ ਇਹਨਾਂ ਦੀ ਵਾਹ ਵੱਲੇ ਵੀ ਕੋਈ ਨਹੀਂ ਵੇਖਦਾ। ਖ਼ੈਰ ਵੇਖਦੇ ਹਾਂ ਕਿ ਅਗਲੇ ਸਮੇਂ ਦੇ ਵਿੱਚ ਕੀ ਐਕਸ਼ਨ ਲਿਆ ਜਾਂਦਾ ਹੈ।



# ਘਾਲ ਖਾਇ ਕਿਛੁ ਹਥਹੁ ਦੇਇ

ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਇਸ ਸਮੇਂ ਬਹੁਤ ਸਾਰੀਆਂ ਤਕਨੀਕੀ ਕਾਢਾਂ ਮਨੁੱਖ ਦੇ ਜੀਵਨ ਨੂੰ ਸੁਖਾਲਾ ਅਤੇ ਆਰਾਮਦਾਇਕ ਬਣਾ ਰਹੀਆਂ ਹਨ ਅਤੇ ਭਵਿੱਖ ਵਿਚ ਹੋਰ ਜ਼ਿਆਦਾ ਸੁਖਾਲਾ ਬਣਾਉਣ ਲਈ ਨਵੀਆਂ ਨਵੀਆਂ ਕਾਢਾਂ ਕੱਢੀਆਂ ਵੀ ਜਾ ਰਹੀਆਂ ਹਨ। ਅਜੋਕੇ ਦੌਰ ਵਿਚ ਮਸ਼ੀਨਾਂ ਦਾ ਬੋਲਬਾਲਾ ਵੱਧ ਰਿਹਾ ਹੈ। ਖ਼ਬਰੇ ! ਇਸੇ ਕਰਕੇ ਅੱਜ ਦਾ ਮਨੁੱਖ ਨੈਤਿਕ (ਇਖ਼ਲਾਕੀ) ਕਦਰਾਂ- ਕੀਮਤਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅੱਜ ਦਾ ਨੌਜਵਾਨ ਤਬਕਾ ਕਰਮ- ਧਰਮ ਨੂੰ ਸਿਰਫ਼ ਪਾਖੰਡ ਦਾ ਰੂਪ ਸਮਝਣ ਲੱਗਾ ਹੈ। ਇਸਦਾ ਮੂਲ ਕਾਰਨ ਇਹ ਹੈ ਕਿ ਅੱਜ ਧਰਮ ਦੀ ਪਰਿਭਾਸ਼ਾ ਕੇਵਲ ਬਾਹਰੀ ਸਰੂਪ ਨੂੰ ਸੰਭਾਲਣ- ਪ੍ਰਚਾਰਨ ਤੀਕ ਸੁੰਗੜ ਕੇ ਰਹਿ ਗਈ ਹੈ। ਧਰਮ ਦੇ ਅਸਲੀ ਅਰਥ ਅਤੇ ਮਨੋਰਥ ਨੂੰ ਸਮਝਿਆ ਹੀ ਨਹੀਂ ਜਾ ਰਿਹਾ ਅਤੇ ਨਾ ਹੀ ਪ੍ਰਚਾਰਿਆ ਜਾ ਰਿਹਾ। ਇਹ ਵੱਖਰਾ ਅਤੇ ਵਿਸ਼ਾਲ ਵਿਸ਼ਾ ਹੈ। ਸਾਡੇ ਹੱਥਲੇ ਲੇਖ ਦਾ ਮੂਲ ਪ੍ਰਯੋਜਨ - ਗੁਰਬਾਣੀ ਅੰਦਰ ਕਿਰਤ ਦੇ ਮਹੱਤਵ - ਬਾਰੇ ਵਿਚਾਰ- ਚਰਚਾ ਕਰਨਾ ਹੈ। ਇਸ ਲਈ ਗੁਰਮਤਿ ਵਿਚਾਰਧਾਰਾ ਅਨੁਸਾਰ ਮਨੁੱਖ ਨੂੰ ਕਿਰਤ (ਮਿਹਨਤ) ਕਰਨ ਲਈ ਦਿੱਤੀਆਂ ਸਿੱਖਿਆਵਾਂ (ਉਪਦੇਸ਼ਾਂ) ਅਤੇ ਸਿਧਾਂਤਾਂ ਨੂੰ ਹੀ ਵਿਚਾਰ- ਚਰਚਾ ਦਾ ਹਿੱਸਾ ਬਣਾਇਆ ਜਾਵੇਗਾ ਤਾਂ ਕਿ ਸਾਰਥਕ ਅਤੇ ਲਾਹੇਵੰਦ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

ਭਾਈ ਕਾਨ੍ਹ ਸਿੰਘ ਨਾਭਾ ਨੇ 'ਸ਼ਬਦ ਰਤਨਾਗਰ ਮਹਾਨਕੋਸ਼' ਵਿਚ 'ਕਿਰਤ' ਸ਼ਬਦ ਦੇ ਅਰਥ- ਕਰਮ, ਕੰਮ, ਕਰਨੀ, ਕਰਤੂਤ ਆਦਿਕ ਕੀਤੇ ਹਨ। ਕਿਰਤ ਕਰਨਾ ਭਾਵ ਮਿਹਨਤ ਕਰਨਾ। ਗੁਰਮਤਿ ਵਿਚਾਰਧਾਰਾ ਦੇ ਅਨੁਸਾਰ ਕਿਰਤ (ਮਿਹਨਤ) ਕਰਨੀ ਸੰਸਾਰਕ ਜੀਵਨ ਲਈ ਲਾਜ਼ਮੀ ਹੈ ਉੱਥੇ ਹੀ ਅਧਿਆਤਮਕ ਜੀਵਨ ਲਈ 'ਸ਼ਬਦ ਕਿਰਤ' ਨੂੰ ਵੀ ਜ਼ਰੂਰੀ ਕਿਹਾ ਗਿਆ ਹੈ ਤਾਂ ਕਿ ਜੀਵਨ ਨੂੰ ਸਹੀ ਦਿਸ਼ਾ ਵਾਲੇ ਪਾਸੇ ਤੋਰਿਆ ਜਾ ਸਕੇ;

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ।। ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 418)

ਭਾਵ ਧਰਮ ਦੀ ਭੂਮੀ ਤੇ ਸੱਚ ਦਾ ਬੀਜ ਲਾਉਣਾ ਚਾਹੀਦਾ ਹੈ; ਇਸ ਤਰ੍ਹਾਂ ਦੀ ਖੇਤੀ ਕਰਨੀ ਚਾਹੀਦੀ ਹੈ। ਵਪਾਰੀ ਨੂੰ ਤਾਂ ਹੀ ਸਫ਼ਲ ਮੰਨਿਆ ਜਾਂਦਾ ਹੈ ਜੇਕਰ ਉਹ ਲਾਭ (ਮੁਨਾਫ਼ਾ) ਪ੍ਰਾਪਤ ਕਰੇ। ਜਿਹੜਾ ਵਪਾਰੀ ਆਪਣੇ ਵਪਾਰ ਵਿਚ ਨੁਕਸਾਨ ਝੱਲਦਾ ਹੈ ਉਸਨੂੰ ਕਾਮਯਾਬ ਵਪਾਰੀ ਨਹੀਂ ਕਿਹਾ ਜਾ ਸਕਦਾ। ਖ਼ੈਰ, ਗੁਰੂ ਸਾਹਿਬ ਇਹ ਵਿਚਾਰ ਅਧਿਆਤਮਕ ਜਗਤ ਸੰਬੰਧੀ ਪ੍ਰਗਟਾ ਰਹੇ ਹਨ ਅਤੇ ਸੱਚੇ ਨਾਮ ਦੀ ਕਿਰਤ ਕਰਨ ਦੀ ਸਿੱਖਿਆ ਦੇ ਰਹੇ ਹਨ।

ਜਗਤ ਗੁਰੂ ਨਾਨਕ ਦੇਵ ਜੀ ਦੇ ਤਿੰਨ ਸ਼ਾਹਕਾਰ ਨਿਯਮ ਹਨ।
1. ਕਿਰਤ ਕਰੋ
2. ਨਾਮ ਜਪੋ
3. ਵੰਡ ਛਕੋ

ਇਨ੍ਹਾਂ ਨਿਯਮਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਜਿਹੜਾ ਪ੍ਰਭਾਵ ਮਨੁੱਖੀ ਮਨ 'ਤੇ ਅਸਰ ਕਰਦਾ ਹੈ ਉਹ ਇਹ ਹੈ ਕਿ ਗੁਰੂ ਸਾਹਿਬ ਨੇ ਕਿਰਤ ਦੇ ਸੰਕਲਪ ਨੂੰ ਸਰਵੋਤਮ ਥਾਂ 'ਤੇ ਰੱਖਿਆ ਹੈ। ਸਭ ਤੋਂ ਪਹਿਲਾਂ ਕਿਰਤ ਕਰੋ। ਫੇਰ ਨਾਮ ਜਪੋ ਅਤੇ ਆਖ਼ਰ ਵਿਚ ਵੰਡ ਕੇ ਛਕੋ। ਜਿਹੜਾ ਮਨੁੱਖ ਕਿਰਤ ਕਰਦਾ ਹੈ ਭਾਵ ਮਿਹਨਤ ਕਰਦਾ ਹੈ ਉਹੀ ਦੂਜੇ ਲੋਕਾਂ ਨਾਲ ਵੰਡ ਕੇ ਛਕ ਸਕਦਾ ਹੈ। ਜਿਹੜਾ ਖ਼ੁਦ ਹੀ ਮੰਗ ਕੇ ਖਾ ਰਿਹਾ ਹੈ ਉਸਦੇ ਮਨ ਵਿਚ ਵੰਡ ਕੇ ਛਕਣ ਦਾ ਵਿਚਾਰ ਹੀ ਪੈਦਾ ਨਹੀਂ ਹੋ ਸਕਦਾ। ਦੂਜੀ ਗੱਲ, ਪ੍ਰਮਾਤਮਾ ਦਾ ਨਾਮ ਵੀ ਉਹੀ ਮਨੁੱਖ ਸ਼ੁੱਧ ਹਿਰਦੇ ਨਾਲ (ਅੰਤਰ ਮਨ) ਨਾਲ ਜਪ ਸਕਦਾ ਹੈ ਜਿਹੜਾ ਹੱਥੀਂ ਕਿਰਤ ਕਰਨ ਦੇ ਸੰਕਲਪ ਉੱਪਰ ਚਲਦਾ ਹੈ।

ਇੱਥੇ ਖ਼ਾਸ ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਆਪਣੀਆਂ ਰਚਨਾਵਾਂ ਵਿਚ 'ਕਿਰਤ' ਨੂੰ ਸਰਵੋਤਮ ਥਾਂ ਦਿੱਤੀ ਹੈ ਉੱਥੇ ਹੀ ਆਪ ਹੱਥੀਂ ਖੇਤੀ ਕਰਕੇ ਲੋਕਾਈ ਨੂੰ ਕਿਰਤ ਦੇ ਰਾਹ ਪਾਉਣ ਦਾ ਯਤਨ ਵੀ ਕੀਤਾ। ਇਸ ਸਿਧਾਂਤ ਨੂੰ ਉਨ੍ਹਾਂ ਵੱਲੋਂ ਆਪਣੀਆਂ ਪ੍ਰਚਾਰ ਯਾਤਰਾਵਾਂ ਦੀ ਸਮਾਪਤੀ ਤੋਂ ਉਪਰੰਤ ਕਰਤਾਰਪੁਰ ਸਾਹਿਬ ਵਿਖੇ ਗੁਜ਼ਾਰੇ ਆਪਣੇ ਜੀਵਨ ਦੇ ਆਖ਼ਰੀ ਪੜਾਅ ਦੇ ਲਗਭਗ ਦੋ ਦਹਾਕਿਆਂ ਦੌਰਾਨ ਵਾਸਤਵਿਕ ਰੂਪ ਵਿਚ ਪ੍ਰਦਾਨ ਕੀਤਾ ਹੈ। ਉਨ੍ਹਾਂ ਪ੍ਰਮਾਤਮਾ ਦੇ ਨਾਮ ਦੇ ਜਾਪ ਲਈ ਸੰਗਤ ਦੀ ਸਥਾਪਨਾ ਕੀਤੀ, ਆਪਣੇ ਖੇਤਾਂ ਵਿਚ ਹੱਲ ਚਲਾ ਕੇ ਹੱਥੀਂ ਕਿਰਤ ਵੀ ਕੀਤੀ ਅਤੇ ਪੰਗਤ (ਲੰਗਰ) ਸੰਗਤ ਸੰਸਥਾ ਦੀ ਆਰੰਭਤਾ ਕਰਕੇ ਵੰਡ ਕੇ ਛਕਣ ਦੇ ਸਿਧਾਂਤ ਨੂੰ ਅਮਲੀ ਰੂਪ ਪ੍ਰਦਾਨ ਕੀਤਾ।

ਗੁਰਮਤਿ ਵਿਚਾਰਧਾਰਾ ਵਿਚ ਮਨੁੱਖ ਨੂੰ ਇਸ ਜੀਵਨ ਵਿਚ ਉੱਦਮ (ਕਿਰਤ) ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਸਾਹਿਬਾਨ ਨੇ ਜੰਗਲਾਂ ਵਿਚ ਜਾ ਕੇ ਪ੍ਰਭੂ ਦੀ ਭਗਤੀ ਕਰਨ, ਪੁੱਠੇ ਲਟਕਣ, ਘਰੋਂ ਭੱਜ ਜਾਣ ਅਤੇ ਸੰਸਾਰਕ ਤਿਆਗ ਨੂੰ ਮੂਲੋਂ ਹੀ ਰੱਦ ਕੀਤਾ ਹੈ। ਇਸ ਜੀਵਨ ਵਿਚ ਮਨੁੱਖ ਨੂੰ ਪ੍ਰਮਾਤਮਾ ਦੇ ਮਿਲਾਪ ਦੇ ਯਤਨ ਕਰਨੇ ਚਾਹੀਦੇ ਹਨ। ਪ੍ਰੰਤੂ ! ਸੰਸਾਰਕ ਜ਼ਿੰਮੇਵਾਰੀਆਂ ਦਾ ਪਾਲਣ ਵੀ ਕਰਨਾ ਚਾਹੀਦਾ ਹੈ। ਗ੍ਰਹਿਸਥ ਜੀਵਨ ਜਿਉਂਦਿਆਂ ਪਤਨੀ ਅਤੇ ਬੱਚਿਆਂ ਦਾ ਪਾਲਣ- ਪੋਸ਼ਣ ਵੀ ਕਰਨਾ ਹੈ ਅਤੇ ਪ੍ਰਮਾਤਮਾ ਨੂੰ ਪਾਉਣ ਦੇ ਯਤਨ ਵੀ ਕਰਨੇ ਹਨ;

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ।। ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 1421)

ਸਰੀਰਕ ਕਿਰਤ ਜਿੱਥੇ ਸੰਸਾਰਕ ਕਾਰ- ਵਿਹਾਰ ਵਾਸਤੇ ਕਰਨੀ ਲਾਜ਼ਮੀ ਹੈ ਉੱਥੇ ਨਾਮ ਸਿਮਰਨ ਦੀ ਆਤਮਿਕ ਕਿਰਤ ਮਨੁੱਖ ਦੀ ਆਤਮਾ ਦੀ ਸ਼ਾਂਤੀ ਦਾ ਸਹਾਰਾ ਵੀ ਬਣਦੀ ਹੈ। ਗੁਰੂ ਸਾਹਿਬਾਨ ਤਾਂ ਮਨੁੱਖ ਨੂੰ ਆਪਣੇ ਕੰਮ ਆਪ ਕਰਨ ਦਾ ਸੰਦੇਸ਼ ਦਿੰਦੇ ਹਨ। ਗੁਰਮਤਿ ਅਨੁਸਾਰ ਜਿਸ ਮਨੁੱਖ ਨੂੰ ਪ੍ਰਮਾਤਮਾ ਨੇ ਤੰਦਰੁਸਤ ਸਰੀਰ ਦਿੱਤਾ ਹੈ ਉਸ ਨੂੰ ਦੂਜਿਆਂ ਉੱਪਰ ਨਿਰਭਰ ਨਹੀਂ ਰਹਿਣਾ ਚਾਹੀਦਾ। ਉਸ ਨੂੰ ਆਲਸ ਦਾ ਤਿਆਗ ਕਰਕੇ ਆਪਣੇ ਕਾਰਜ ਆਪ ਕਰਨੇ ਚਾਹੀਦੇ ਹਨ;

ਆਪਨ ਹਥੀ ਆਪਨਾ ਆਪੇ ਹੀ ਕਾਜੁ ਸਵਾਰੀਐ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 474)

ਭਾਵ ਆਪਣੇ ਕੰਮ ਆਪ ਕਰਕੇ ਆਲਸ ਦਾ ਤਿਆਗ ਕਰਨਾ ਚਾਹੀਦਾ ਹੈ। ਕਿਰਤ ਕਰਦੇ ਹੋਏ/ ਸੰਸਾਰਕ ਜੀਵਨ ਜਿਉਂਦੇ ਹੋਏ/ ਪ੍ਰਮਾਤਮਾ ਨੂੰ ਸੱਚੇ ਅਤੇ ਸ਼ੁੱਧ ਹਿਰਦੇ ਨਾਲ ਚੇਤੇ ਰੱਖਦੇ ਹੋਏ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਕੋਈ ਹੋਰ ਰਾਹ ਨਹੀਂ ਹੈ/ ਵਸੀਲਾ ਨਹੀਂ ਹੈ/ ਢੰਗ ਨਹੀਂ ਹੈ;

ਸਾਚ ਕਹੌਂ ਸੁਨ ਲੇਹੁ ਸਭੈ
ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।। (ਅਕਾਲ ਉਸਤਤਿ, ਗੁਰੂ ਗੋਬਿੰਦ ਸਿੰਘ ਜੀ)

ਗੁਰਮਤਿ ਵਿਚਾਰਧਾਰਾ ਮਨੁੱਖ ਨੂੰ ਸੰਸਾਰਕ ਜੀਵਨ ਜਿਉਣ ਲਈ ਪ੍ਰੇਰਿਤ ਕਰਦੀ ਹੈ। ਜਿਸ ਵਕਤ ਮਨੁੱਖ ਸੰਸਾਰਕ ਜੀਵਨ ਜਿਉਂਦਾ ਹੈ ਤਾਂ ਉਸ ਨੂੰ ਕਿਰਤ ਦੇ ਸੰਕਲਪ ਤੋਂ ਵਾਂਝਾ ਨਹੀਂ ਰੱਖਿਆ ਜਾ ਸਕਦਾ। ਜਦੋਂ ਮਨੁੱਖ ਗ੍ਰਹਿਸਥ ਜੀਵਨ ਬਤੀਤ ਕਰਦਾ ਹੈ ਤਾਂ ਉਸ ਨੂੰ ਬਹੁਤ ਸਾਰੀਆਂ ਸੰਸਾਰਕ ਵਸਤੂਆਂ ਦੀ ਲੋੜ ਹੁੰਦੀ ਹੈ। ਇਨ੍ਹਾਂ ਵਸਤੂਆਂ ਨੂੰ ਪੂਰਾ ਕਰਨ ਹਿੱਤ ਉਹ ਕਿਰਤ ਦੇ ਰਾਹ ਤੁਰੇਗਾ। ਇਹੀ ਗੁਰਮਤਿ ਵਿਚਾਰਧਾਰਾ ਦਾ ਸ਼ਾਹਕਾਰ ਨਿਯਮ ਹੈ;

ਕਿਰਤੁ ਪਇਆ ਨਹ ਮੇਟੈ ਕੋਇ।।
ਕਿਆ ਜਾਣਾ ਕਿਆ ਆਗੈ ਹੋਇ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 154)

ਅਤੇ

ਆਵੈ ਜਾਇ ਭਵਾਈਐ ਪਈਐ ਕਿਰਤਿ ਕਮਾਇ।।
ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 59)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਜਦੋਂ ਇਹ ਵਾਕ ਦ੍ਰਿਸ਼ਟੀਗੋਚਰ ਹੁੰਦੇ ਹਨ ਤਾਂ ਸਹਿਜੇ ਹੀ ਕਿਰਤ (ਮਿਹਨਤ) ਕਰਨ ਅਤੇ ਵੰਡ ਕੇ ਛਕਣ ਦਾ ਮਹੱਤਵ ਸਮਝਿਆ ਜਾ ਸਕਦਾ ਹੈ;

ਘਾਲ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 1245)

ਇੱਥੇ ਘਾਲ ਖਾਇ ਦਾ ਮੂਲ ਭਾਵ ਜਾਂ ਪ੍ਰਯੋਜਨ ਕਿਰਤ (ਮਿਹਨਤ) ਕਰਨ ਦਾ ਸਿਧਾਂਤ ਪੇਸ਼ ਕਰਨਾ ਹੈ ਅਤੇ 'ਹੱਥੋਂ ਦੇ' ਦਾ ਭਾਵ ਦਾਨ ਦੇਣਾ (ਗ਼ਰੀਬ- ਗੁਰਬਿਆਂ) ਦੀ ਮਦਦ ਕਰਨਾ ਹੈ। ਗੁਰਮਤਿ ਵਿਚਾਰਧਾਰਾ ਦਾ ਮੂਲ ਸਿਧਾਂਤ ਹੀ ਕਿਰਤ (ਮਿਹਨਤ) ਕਰਕੇ ਖਾਣਾ ਅਤੇ ਜਿਉਣਾ ਹੈ;

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।। ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 522)

ਅਤੇ

ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ।। (ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 156)

ਸੱਚੀ ਕਿਰਤ ਆਤਮਿਕ, ਸਰੀਰਕ ਅਤੇ ਸਮਾਜਿਕ ਧਰਮ ਦੀ ਨੀਂਹ ਮੰਨੀ ਜਾਂਦੀ ਹੈ। ਇਸ ਤਰ੍ਹਾਂ ਦੀ ਕਿਰਤ (ਮਿਹਨਤ) ਲਈ ਨਿਰਛੱਲ ਤੇ ਇਕਾਗਰ ਮਨ, ਚੋਰੀ, ਹੱਕ- ਹਰਾਮ ਨੂੰ ਤਿਲਾਂਜਲੀ ਅਤੇ ਨਾਲ ਹੀ ਵੈਰ- ਵਿਰੋਧ ਤੋਂ ਰਹਿਤ ਭਾਈਚਾਰਕ ਸਾਂਝ ਦਾ ਹੋਣਾ ਜ਼ਰੂਰੀ ਹੈ ਤਾਂ ਹੀ ਨਾਮ, ਕਿਰਤ ਅਤੇ ਵੰਡ ਕੇ ਛਕਣ ਦੇ ਤ੍ਰੈਪੱਖੀ ਸਿਧਾਂਤ ਨੂੰ ਸੱਚੀ ਕਿਰਤ ਦੇ ਘੇਰੇ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਗੁਰਮਤਿ ਵਿਚਾਰਧਾਰਾ ਦੇ ਅੰਤਰਗਤ ਕਿਰਤ ਦੇ ਸੰਕਲਪ ਨੂੰ ਤਵੱਜੋਂ ਦਿੰਦੇ ਹੋਏ ਗੁਰੂ ਸਾਹਿਬਾਨ ਨੇ ਧਰਮ ਦੇ ਨਾਮ 'ਤੇ ਹੁੰਦੇ ਵਹਿਮਾਂ- ਭਰਮਾਂ, ਪਾਖੰਡਾਂ ਅਤੇ ਆਡੰਬਰਾਂ ਨੂੰ ਵੀ ਭੰਡਿਆ ਹੈ ਤਾਂ ਕਿ ਇਨ੍ਹਾਂ ਤੋਂ ਬਚਿਆ ਜਾ ਸਕੇ ਅਤੇ ਮਨੁੱਖ ਦਾ ਜੀਵਨ ਸੁਖਾਲਾ ਅਤੇ ਪ੍ਰੇਮ- ਪੂਰਵਕ ਬਤੀਤ ਹੋ ਸਕੇ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਾਦਾ ਅਤੇ ਨੇਕ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ। ਉਨ੍ਹਾਂ ਅਨੁਸਾਰ ਮਨੁੱਖ ਦਾ ਜਨਮ ਬਹੁਤ ਭਾਗਾਂ ਦੀ ਨਿਸ਼ਾਨੀ ਹੈ। ਇਸ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ। ਇਸ ਮਨੁੱਖਾ ਦੇਹੀ ਦਾ ਮੂਲ ਪ੍ਰਯੋਜਨ ਪ੍ਰਮਾਤਮਾ ਦਾ ਮਿਲਾਪ ਹੈ ਅਤੇ ਇਹ ਮਿਲਾਪ ਗ੍ਰਹਿਸਥ ਜੀਵਨ ਬਤੀਤ ਕਰਦਿਆਂ ਸੰਭਵ ਹੈ।

ਆਖ਼ਰ ਵਿਚ ਉੱਪਰ ਕੀਤੀ ਗਈ ਵਿਚਾਰ- ਚਰਚਾ ਦੇ ਆਧਾਰ 'ਤੇ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਵਿਚਾਰਧਾਰਾ ਵਿਚ ਕਿਰਤ ਦੇ ਸੰਕਲਪ ਨੂੰ ਮਹੱਤਵਪੂਰਨ ਅਤੇ ਨਿਵੇਕਲਾ ਸਥਾਨ ਪ੍ਰਦਾਨ ਕੀਤਾ ਗਿਆ ਹੈ। ਕਿਰਤ (ਮਿਹਨਤ) ਕਰਨ ਨਾਲ ਮਨੁੱਖ ਜਿੱਥੇ ਸਰੀਰਕ ਰੂਪ ਵਿਚ ਤੰਦਰੁਸਤ ਰਹਿੰਦਾ ਹੈ ਉੱਥੇ ਹੀ ਮਾਨਸਿਕ ਰੂਪ ਵਿਚ ਵੀ ਸੁਖ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਕਿਰਤ ਦੇ ਸੰਕਲਪ ਦੇ ਮਾਧਿਅਮ ਦੁਆਰਾ 'ਆਦਰਸ਼ਕ ਸਮਾਜ' ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਹੜੀ ਕਿ ਅੱਜ ਦੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਜ਼ਰੂਰਤ ਹੈ। ਇਸ ਸਿਧਾਂਤ ਤੇ ਅਮਲ ਕਰਕੇ ਮਨੁੱਖ ਦੁਆਰਾ ਸੱਚੇ- ਸੁੱਚੇ ਸਮਾਜ ਦੀ ਸਿਰਜਣਾ ਵਿਚ ਸਾਰਥਕ ਰੋਲ ਅਦਾ ਕੀਤਾ ਜਾ ਸਕਦਾ ਹੈ। ਪਰ, ਇਹ ਹੁੰਦਾ ਕਦੋਂ ਹੈ ? ਇਹ ਅਜੇ ਭਵਿੱਖ ਦੀ ਕੁੱਖ ਵਿਚ ਹੈ।

# ਪਿਆਰ ਦੀ ਭਾਸ਼ਾ

ਕਹਿੰਦੇ ਨੇ ਇੱਕ ਵਾਰ ਇੱਕ ਵਿਅਕਤੀ ਆਪਣੇ ਪੁੱਤਰ ਨਾਲ ਕਿਸੇ ਪਹਾੜੀ ਰਸਤੇ ਵਿੱਚੋਂ ਲੰਘ ਰਿਹਾ ਸੀ ਕਿ ਅਚਾਨਕ ਉੱਚੀ-ਨੀਵੀਂ ਥਾਂ ਤੋਂ ਪੁੱਤਰ ਦਾ ਪੈਰ ਮੁੜ ਗਿਆ ਅਤੇ ਉਹ ਡਿੱਗ ਪਿਆ ਤਾਂ ਉਹ ਦਰਦ ਨਾ ਚੀਕ ਉਠਿਆ ਹਾਏ! ਅਚਾਨਕ ਪਹਾੜ ਤੋਂ ਵੀ ਅਵਾਜ਼ ਆਈ ਉਸ ਬੱਚੇ ਨੇ ਉਤਸੁਕਤਾ ਨਾਲ ਪੁੱਛਿਆ ਕੌਣ ਹੈ ? ਤਾਂ ਅਗੋਂ ਫਿਰ ਆਵਜ਼ ਆਈ ਕੌਣ ਹੈ ? ਉਸ ਬੱਚੇ ਨੂੰ ਗੁੱਸਾ ਆ ਗਿਆ ਅਤੇ ਆਖਣ ਲੱਗਾ ਤੂੰ ਮੂਰਖ ਹੈਂ ! ਤਾਂ ਪਹਾੜ ਨੇ ਵੀ ਜਵਾਬ ਦਿੱਤਾ.. ਤੂੰ ਮੂਰਖ ਹੈਂ !

ਉਸ ਬੱਚੇ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ, 'ਇਹ ਕੀ ਹੋ ਰਿਹਾ ਹੈ ? ਇਹ ਕੌਣ ਹੈ ? ਇਹ ਕਿਸਦੀ ਅਵਾਜ਼ ਹੈ ?' ਤਾਂ ਪਿਤਾ ਜੀ ਆਖਣ ਲੱਗੇ, 'ਪੁੱਤਰ ! ਧਿਆਨ ਨਾਲ ਸੁਣ ਅਤੇ ਫਿਰ ਉਸ ਵਿਅਕਤੀ ਨੇ ਉੱਚੀ ਸਾਰੀ ਚੀਖ ਕੇ ਕਿਹਾ, 'ਤੂੰ ਬਹੁਤ ਚੰਗਾ ਹੈਂ ਤਾਂ ਅਗੋਂ ਆਈ ਅਵਾਜ਼ ਨੇ ਵੀ ਇਹੀ ਕਿਹਾ, 'ਤੂੰ ਬਹੁਤ ਚੰਗਾ ਹੈਂ !' ਤਾਂ ਪਿਤਾ ਨੇ ਆਖਿਆ, ਤੇਰਾ ਧੰਨਵਾਦ ! ਤਾਂ ਪਹਾੜ ਤੋਂ ਵੀ ਅਵਾਜ਼ ਆਈ, 'ਤੇਰਾ ਧੰਨਵਾਦ !'

ਪਿਤਾ ਨੇ ਪੁੱਤਰ ਨੂੰ ਸਮਝਾਇਆ, 'ਪੁੱਤਰ ! ਇਸ ਨੂੰ ਪ੍ਰਤੀਧੁਨ ਕਹਿੰਦੇ ਹਨ, ਪਰ ਇਹ ਜੀਵਨ ਦਾ ਵੀ ਸੱਚ ਹੈ। ਜੀਵਨ ਵੀ ਸਾਡੇ ਕਰਮਾਂ ਦਾ ਪ੍ਰਤੀਬਿੰਬ ਹੈ। ਜੋ ਦੂਸਰਿਆਂ ਨੂੰ ਦੇਵਾਂਗਾ, ਬਦਲੇ ਵਿੱਚ ਸਾਨੂੰ ਵੀ ਉਹਨਾਂ ਕੋਲੋਂ ਉਹੀ ਮਿਲੇਗਾ।

ਠੀਕ ਇਸੇ ਤਰ੍ਹਾਂ ਜ਼ਿੰਦਗੀ ਵਿੱਚ ਸਾਡਾ ਦੂਜਿਆਂ ਪ੍ਰਤੀ ਵਰਤਾਉ ਹੀ ਸਾਡੇ ਸਾਹਮਣੇ ਆਉਂਦਾ ਹੈ, ਜਿਵੇਂ ਸਿਆਣੇ ਕਹਿੰਦੇ ਨੇ, 'ਜੋ ਬੀਜੋਗੇ, ਉਹੀ ਵੱਢੋਗੇ' ਜਾਂ 'ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ' ਅਤੇ ਇਹ ਵੀ ਕਿਹਾ ਜਾਂਦਾ ਹੈ ਕਿ, ਜਿਹੋ ਜਿਹਾ ਵਿਉਹਾਰ ਤੁਸੀਂ ਦੂਜਿਆਂ ਤੋਂ ਆਪਣੇ ਲਈ ਚਾਹੁੰਦੇ ਹੋ, ਉਹੋ ਜਿਹਾ ਕਰਨ ਦੀ ਵੀ ਆਦਤ ਅਪਣਾਓ'।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਹਰਦੀਪ ਕੌਰ ਨਾਜ਼
ਅਰਬਨ ਅਸਟੇਟ, ਫਗਵਾੜਾ

ਸਾਡਾ ਬੋਲ-ਬਾਣੀ ਹੋਵੇ ਜਾਂ ਸਾਡਾ ਵਰਤੋਂ-ਵਿਹਾਰ, ਦੂਜਿਆਂ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਹੀ ਤੈਅ ਕਰਦਾ ਹੈ ਕਿ ਵਾਪਸ ਸਾਨੂੰ ਕੀ ਮਿਲਣਾ ਹੈ। ਕੁੱਝ ਲੋਕ ਹਮੇਸ਼ਾਂ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ ਲੋਕ ਚੰਗੇ ਨਹੀਂ, ਜਦਕਿ ਇਸ ਦੇ ਉਲਟ ਉਸੇ ਸਮਾਜ ਵਿੱਚ ਰਹਿਣ ਵਾਲੇ ਹੋਰ ਲੋਕ ਆਖਦੇ ਹਨ ਕਿ ਦੁਨੀਆਂ ਬਹੁਤ ਚੰਗੀ ਹੈ, ਬਹੁਤ ਸੁਹਣੀ ਹੈ। ਹਰ ਬੰਦਾ ਚੰਗਾ ਹੈ, ਰੱਬ ਦਾ ਰੂਪ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਜਿਹੋ ਜਿਹਾ ਕੋਈ ਆਪ ਹੁੰਦਾ ਹੈ, ਉਹੋ ਜਿਹੇ ਉਸਨੂੰ ਸਭ ਨਜ਼ਰ ਆਉਂਦੇ ਹਨ। ਕਿਸੇ ਨੇ ਬੜਾ ਖ਼ੂਬ ਕਿਹਾ ਹੈ ਕਿ, ਇਹ ਦੁਨੀਆਂ ਰੰਗ ਬਰੰਗੀ, ਨਾ ਇਹ ਭੈੜੀ ਨਾ ਇਹ ਚੰਗੀ।

ਬੇਸ਼ਕ ਦੁਨੀਆਂ ਤੇ ਵੱਸਦੇ ਰੰਗੀ-ਰੰਗੇ ਲੋਕ ਦਾ ਸੁਭਾਅ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਵੱਖ-ਵੱਖ ਇਲਾਕਿਆਂ, ਵਿਚਾਰਧਾਰਾਵਾਂ ਅਤੇ ਸਭਿਆਚਾਰਾਂ ਨਾਲ ਸਬੰਧਿਤ ਲੋਕ ਸਾਡੇ ਆਲੇ ਦੁਆਲੇ ਵੱਸਦੇ ਹਨ, ਪਰ ਮਨੁੱਖ ਦੀ ਦੋ ਭਾਸ਼ਾਵਾਂ ਸਾਂਝੀਆਂ ਹੁੰਦੀਆਂ ਹਨ ਇੱਕ ਸੰਗੀਤ ਦੀ ਭਾਸ਼ਾ ਅਤੇ ਇੱਕ ਮਨੁੱਖੀ ਪਿਆਰ ਦੀ ਭਾਸ਼ਾ ਜਿਸ ਮਨੁੱਖ ਨੇ ਇਹ ਦੋ ਭਾਸ਼ਾਵਾਂ ਨੂੰ ਸਮਝ ਲਿਆ, ਉਸ ਲਈ ਫਿਰ ਇਹ ਅਵਸਥਾ ਬਣ ਜਾਂਦੀ ਹੈ ਕਿ, ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥ ਜਾਂ ਫਿਰ ਭਗਤ ਕਬੀਰ ਜੀ ਦੇ ਪਾਵਨ ਬਚਨ ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥ ਸਭ ਪਾਸੇ ਹਰਿ ਜੋਤ ਨਜ਼ਰ ਆਉਂਦੀ ਹੈ ਅਤੇ ਜਦੋਂ ਇਸ ਤਰ੍ਹਾਂ ਹੋ ਜਾਵੇ ਤਾਂ ਸਾਡਾ ਵਿਹਾਰ ਵੀ ਬਦਲ ਜਾਵੇਗਾ ਅਤੇ ਫਿਰ ਪਹਾੜ ਤੋਂ ਉਵੇਂ ਹੀ ਪਿਆਰ ਭਰੀ ਮਿੱਠੀ ਦੀ ਅਵਾਜ਼ ਆਵੇਗੀ, ਜਿਵੇਂ ਦੀ ਅਸੀਂ ਉਸ ਵੱਲ ਭੇਜਾਂਗੇ।

# ਬਾਲ ਕਹਾਣੀ : ਕਬੂਤਰ ਅਤੇ ਖਰਗੋਸ਼

ਜੰਗਲ ਦੇ ਵਿੱਚ ਬਹੁਤ ਸਾਰੇ ਜਾਨਵਰ ਅਤੇ ਪੰਛੀ ਰਹਿੰਦੇ ਸਨ। ਉੱਥੇ ਇੱਕ ਕਬੂਤਰ ਅਤੇ ਖਰਗੋਸ਼ ਵੀ ਰਹਿੰਦਾ ਸੀ , ਪਰ ਦੋਵੇਂ ਇੱਕ - ਦੂਸਰੇ ਦੇ ਦੁਸ਼ਮਣ ਬਣੇ ਹੋਏ ਸਨ। ਇੱਥੋਂ ਤੱਕ ਕਿ ਇੱਕ - ਦੂਸਰੇ ਦੇ ਘਰਾਂ ਨੂੰ ਤੇ ਇੱਕ - ਦੂਸਰੇ ਦੇ ਭੋਜਨ ਨੂੰ ਨੁਕਸਾਨ ਵੀ ਪਹੁੰਚਾ ਦਿੰਦੇ ਸਨ। ਖਰਗੋਸ਼ ਕਦੇ ਕਬੂਤਰ ਦਾ ਦਾਣਾ ਖਾ ਲੈਂਦਾ ਤੇ ਕਦੇ ਕਬੂਤਰ ਵੀ ਖਰਗੋਸ਼ ਦੀਆਂ ਗਾਜਰਾਂ ਚੁਰਾ ਲੈਂਦਾ ਤੇ ਇੱਧਰ - ਉੱਧਰ ਸੁੱਟ ਦਿੰਦਾ। ਦੋਵੇਂ ਇੱਕ - ਦੂਸਰੇ ਨੂੰ ਤੰਗ - ਪਰੇਸ਼ਾਨ ਕਰਨ ਅਤੇ ਨੀਵਾਂ ਦਿਖਾਉਣ ਵਿੱਚ ਹੀ ਆਪਣਾ ਸਮਾਂ ਅਤੇ ਧਿਆਨ ਵਿਅਰਥ ਗੁਆ ਰਹੇ ਸਨ। ਇੱਕ - ਦਿਨ ਦੋਵਾਂ ਦੀ ਖੂਬ ਲੜਾਈ ਹੋਈ। ਜੰਗਲ ਦਾ ਰਾਜਾ ਸ਼ੇਰ ਇੱਕ ਵਿਆਹ ਦੇ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਗਿਆ ਹੋਇਆ ਸੀ। ਉਸਨੇ ਆਪਣੇ ਪਿੱਛੋਂ ਕਾਲੇ ਰੰਗ ਦੇ ਭਾਲੂ ਨੂੰ ਜੰਗਲ ਦਾ ਰਾਜਾ ਬਣਾ ਦਿੱਤਾ ਸੀ। ਭਾਲੂ ਬੜਾ ਸਮਝਦਾਰ ਸੀ। ਖਰਗੋਸ਼ ਭਾਲੂ ਕੋਲ ਪਹੁੰਚਿਆ ਤੇ ਰੋਣ ਲੱਗਿਆ। ਭਾਲੂ ਨੇ ਕਿਹਾ , ÷ ਰੋਅ ਨਾ ਭਾਈ , ਪਿਆਰੇ ਖਰਗੋਸ਼ !ਕੀ ਗੱਲ ਹੋਈ ? ÷ ਖਰਗੋਸ਼ ਤਾਂ ਰੋਂਦਾ ਹੀ ਰਿਹਾ , ਚੁੱਪ ਹੀ ਨਹੀਂ ਸੀ ਹੋ ਰਿਹਾ। ਭਾਲੂ ਨੇ ਉਸ ਨੂੰ ਥਾਪੀ ਦਿੱਤੀ ਤੇ ਕਿਹਾ , ÷ ਖਰਗੋਸ਼ ਭਾਈ ! ਗੱਲ ਤਾਂ ਦੱਸ ਆਖਿਰ ਗੱਲ ਕੀ ਹੋਈ ? ÷ ਰੋਂਦਾ - ਰੋਂਦਾ ਖਰਗੋਸ਼ ਬੋਲਿਆ , ÷ ਮਹਾਰਾਜ ! ਮੇਰਾ ਭੋਜਨ ਅਤੇ ਗਾਜਰਾਂ ਆਦਿ ਮੇਰੇ ਗੁਆਂਢ ਵਿੱਚ ਰਹਿੰਦਾ ਕਬੂਤਰ ਖਾ ਲੈਂਦਾ ਹੈ ਤੇ ਉਹਨਾਂ ਨੂੰ ਨੁਕਸਾਨ ਪਹੁੰਚਾ ਦਿੰਦਾ ਹੈ। ਇਸਲਈ ਮੈਂ ਬਹੁਤ ਦੁਖੀ ਹਾਂ। ਜਦੋਂ ਮੈਂ ਉਸਨੂੰ ਫੜਨ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉਡਾਰੀ ਮਾਰ ਲੈਂਦਾ। ÷ ਫਿਰ ਸਮਝਦਾਰ ਭਾਲੂ ਨੇ ਕਬੂਤਰ ਨੂੰ ਬੁਲਾਇਆ ਤਾਂ ਕਬੂਤਰ ਵੀ ਰੋਣ ਲੱਗਾ ਤੇ ਉਸਨੇ ਕਿਹਾ , ÷ ਮਹਾਰਾਜ !ਖਰਗੋਸ਼ ਵੀ ਮੇਰਾ ਦਾਣਾ ਚੋਰੀ ਕਰ ਲੈਂਦਾ ਹੈ ਤੇ ਕਈ ਵਾਰ ਮੇਰੇ ਆਲ੍ਹਣੇ ਨੂੰ ਨੁਕਸਾਨ ਪਹੁੰਚਾਉਣ ਦੀ ਵੀ ਕੋਸ਼ਿਸ਼ ਕਰਦਾ ਹੈ। ਇੱਕ ਵਾਰ ਤਾਂ ਇਸ ਨੇ ਮੇਰੇ ਅੰਡੇ ਵੀ ਹੇਠਾਂ ਸੁੱਟ ਦਿੱਤੇ ਸਨ। ÷ ਇਹ ਗੱਲ ਸੁਣ ਕੇ ਭਾਲੂ ਰਾਜਾ ਦੋਵਾਂ ਦੀ ਗੱਲ ਸਮਝ ਗਿਆ। ਉਸਨੇ ਦੋਵਾਂ ਨੂੰ ਪਿਆਰ ਨਾਲ ? ਸਮਝਾਇਆ , ÷ ਦੇਖੋ !ਅਸੀਂ ਸਾਰੇ ਇਸ ਜੰਗਲ ਵਿੱਚ ਭੈਣ - ਭਰਾ ਹਾਂ। ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੋਣੀ ਚਾਹੀਦੀ। ਅਸੀਂ ਤਾਂ ਰਲ਼ - ਮਿਲ਼ ਕੇ ਰਹਿਣਾ ਹੈ ਅਤੇ ਆਪਣੇ ਜੰਗਲ ਨੂੰ ਖੁਸ਼ਹਾਲ ਬਣਾਉਣਾ ਹੈ। ÷ ਖਰਗੋਸ਼ ਅਤੇ ਕਬੂਤਰ ਦੋਵੇਂ ਭਾਲੂ ਮਹਾਰਾਜ ਦੀ ਗੱਲ ਸਮਝ ਚੁੱਕੇ ਸਨ। ਸਿਆਣਾ ਭਾਲੂ ਬਹੁਤ ਖੁਸ਼ ਹੋਇਆ। ਉਸ ਨੇ ਦੋਵਾਂ ਨੂੰ ਕਿਹਾ , ÷ ਤੁਸੀਂ ਹੁਣ ਤੋਂ ਰਲ਼ - ਮਿਲ਼ ਕੇ ਰਹੋ ਤੇ ਸਭ ਦਾ ਸਹਿਯੋਗ ਕਰਦੇ ਰਹੋ। ÷ ਦੋਵਾਂ ਨੇ ਇੱਕ - ਦੂਸਰੇ ਨੂੰ ਆਪਣਾ ਦੋਸਤ ਬਣਾ ਲਿਆ ਤੇ ਰਲ਼ - ਮਿਲ਼ ਕੇ ਰਹਿਣ ਲੱਗੇ। ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਇੱਕ - ਦੂਸਰੇ ਨਾਲ ਦੁਸ਼ਮਣੀ ਨਹੀਂ , ਸਗੋਂ ਦੋਸਤੀ ਕਰਨੀ ਚਾਹੀਦੀ ਹੈ। ਇੱਕ - ਦੂਸਰੇ ਦਾ ਨੁਕਸਾਨ ਨਹੀਂ , ਸਗੋਂ ਇੱਕ - ਦੂਸਰੇ ਦਾ ਫਾਇਦਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇੱਕ - ਦੂਸਰੇ ਨਾਲ ਈਰਖਾ ਨਹੀਂ , ਸਗੋਂ ਇੱਕ - ਦੂਸਰੇ ਨਾਲ ? ਪ੍ਰੇਮ ਨਾਲ ? ਰਹਿ ਕੇ ਸਭ ਦੀ ਭਲਾਈ ਕਰਨੀ ਚਾਹੀਦੀ ਹੈ।



ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸ਼੍ਰੀ ਅਨੰਦਪੁਰ ਸਾਹਿਬ
9478561356



# ਨੀ ਕਾਹਲੀ - ਕਾਹਲੀ ਪੈਰ ਪੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਵੇਂ

ਜਿਥੇ ਪੰਜਾਬ ਤਿਉਹਾਰਾਂ ਅਤੇ ਗੁਰੂਆਂ ਪੀਰਾਂ ਦੀ ਧਰਤੀ ਹੈ। ਉਥੇ ਪੰਜਾਬੀ ਸੱਭਿਆਚਾਰ ਵਿੱਚ ਸਾਉਣ ਮਹੀਨੇ ਦੀ ਵਿਸ਼ੇਸ਼ ਬਹੁਤ ਮਹੱਤਤਾ ਰੱਖਦੀ ਹੈ। ਇਸ ਮਹੀਨੇ ਮਾਪੇ ਜਿੱਥੇ ਆਪਣੀਆਂ ਵਿਆਂਹਦੜ ਧੀਆਂ ਨੂੰ ਸੰਧਾਰੇ ਦੇ ਰੂਪ ਵਿੱਚ ਮੱਠੀਆਂ, ਬਿਸਕੁਟ ਕੱਪੜੇ ਲੀੜੇ , ਫੁਲਕਾਰੀਆਂ ਤੋਹਫੇ ਦੇ ਰੂਪ ਵਿਚ ਮਠਿਆਈਆਂ ਨਾਲ ਲੈ ਕੇ ਜਾਂਦੇ ਹਨ, ਉੱਥੇ ਸਹੁਰੇ ਘਰ ਬੈਠੀਆਂ ਸਜ-ਵਿਆਹੀਆਂ ਦੇ ਮਨਾਂ ਅੰਦਰ ਆਪਣੇ ਪੇਕੇ ਘਰ ਜਾ ਕੇ ਆਪਣੀਆਂ ਹਾਣੀ ਕੁੜੀਆਂ ਨੂੰ ਮਿਲਣ ਦੀ ਤਾਂਘ ਵੀ ਪ੍ਰਗਟ ਹੁੰਦੀ ਹੈ ਪਰ ਅਮੀਰ ਪੰਜਾਬੀ ਸੱਭਭਿਆਚਾਰ 'ਤੇ ਪਏ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਨੇ ਪਿੰਡਾਂ 'ਚੋਂ ਤੀਆਂ ਦੇ ਪਿੜ ਲੋਪ ਹੋ ਚੁੱਕਾ ਹੈ। ਅੱਜ ਤੋਂ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਾਉਣ ਮਹੀਨੇ ਕੁੜੀਆਂ ਪਿੰਡ ਤੋਂ ਬਾਹਰ ਇਕੱਠੀਆਂ ਹੋ ਕੇ ਪੀਂਘਾਂ ਝੂਟਦੀਆਂ ਗਿੱਧਾ ਪਾਉਂਦੀਆਂ ਹੋਈਆਂ ਇੱਕ-ਦੂਜੀ ਨਾਲ ਦੁੱਖ ਸਾਂਝੇ ਕਰਦੀਆਂ ਸਨ। ਜਿਹੜੀਆਂ ਔਰਤਾਂ ਨੇ ਬਚਪਨ ਵਿੱਚ ਤੀਆਂ ਦਾ ਮਾਹੌਲ ਦੇਖਿਆ ਹੈ, ਉਨ੍ਹਾਂ ਦੇ ਮਨ ਵਿੱਚ ਦੁਬਾਰਾ ਤੀਆਂ 'ਤੇ ਜਾਣ ਦਾ ਚਾਅ ਪੈਦਾ ਹੁੰਦਾ ਹੈ।

ਪਰ ਸਮਾਂ ਬਦਲਣ ਨਾਲ , ਤੀਆਂ ਦਾ ਉਮਾਹ ਨਵੇਂ ਯੁੱਗ ਦੇ ਮਨੋਰੰਜਨ ਦੇ ਸਾਧਨਾਂ ਅਤੇ ਭੈਣਾਂ ਦਾ ਪਿਆਰ ਜਾਇਦਾਦ ਦੀ ਭੁੱਖ ਨੇ ਨਿਗਲ ਲਿਆ ਹੈ । ਹੁਣ ਇਹ ਕਲੱਬਾਂ, ਸਟੇਜਾਂ ਜਾਂ ਕੁਝ ਥਾਵਾਂ ਤੇ ਪਾਰਕਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਹਨ। ਫਿਰ ਵੀ ਕੁਝ ਚੰਗਾ ਵੀ ਹੋ ਰਿਹਾ ਹੈ, ਨਵੇਂ ਯੁੱਗ ਦੀ ਇੱਕ ਚੰਗੇਰੀ ਗੱਲ ਇਹ ਹੈ ਕਿ ਹੁਣ ਸੱਸ-ਨੂੰਹ ਦਾ ਰਿਸ਼ਤਾ ਨਿੱਘਾ ਹੁੰਦਾ ਜਾ ਰਿਹਾ ਹੈ । ਤੀਆਂ ਤੇ ਗਿੱਧਾ ਪੰਜਾਬ ਦੀ ਰੂਹ ਹਨ ਤੇ ਰੂਹ ਕਦੇ ਮਰਦੀ ਨਹੀਂ ।

ਅੱਜ ਕਲ੍ਹ ਬਹੁਤ ਹੀ ਘੱਟ ਇਹ ਬੋਲੀ ਸੁਨਣ ਨੂੰ ਮਿਲਦੀ ਹੈ ਕਿ , " ਮੈ ਸੱਸ ਕੁਟਣੀ, ਕੁਟਣੀ ਸੰਦੂਕਾ ਉਹਲੇ। ਸ਼ਾਇਦ ਅੱਜ ਦੀ ਮੁਟਿਆਰ ਇਹ ਸਮਝ ਚੁਕੀ ਹੈ ਕਿ ਕੁਟਣ ਨਾਲ ਕੁਝ ਨਹੀਂ ਬਣਨਾ, ਬਣਾ ਕੇ ਰੱਖਣ ਵਿਚ ਹੀ ਭਲਾ ਹੈ।

ਛੋਟੇ ਹੁੰਦੇ ਕਦੇ ਦਾਦੀ ਤੋਂ ਬਾਤਾਂ ਸੁਣਦੇ ਹੁੰਦੇ ਸੀ ਤਾਂ ਉਹ ਦੱਸਦੀ ਹੁੰਦੀ ਸੀ ਕਿ ਪਹਿਲੇ ਸਮੇਂ ਵਿੱਚ ਔਰਤਾਂ ਨੂੰ ਸਾਉਣ ਮਹੀਨੇ ਦੀ ਉਡੀਕ ਰਹਿੰਦੀ ਸੀ ਪਰ ਹੁਣ ਲੋਕਾਂ ਵਿੱਚੋਂ ਪਿਆਰ ਦੀ ਖਿੱਚ ਘਟਣ ਕਰ ਕੇ ਤੀਆਂ ਦਾ ਰੰਗ ਫਿੱਕਾ ਪੈ ਗਿਆ ਹੈ। ਪਿੰਡਾਂ ਦੇ ਪਿੜਾਂ ਵਿੱਚ ਤੀਆਂ ਦੇ ਖੜਾਕ ਪੈਣ ਦੀ ਥਾਂ ਹੁਣ ਇਹ ਤੀਆਂ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਦਾ ਕੁਝ ਘੰਟੇ ਦਾ ਮਹਿਮਾਨ ਬਣ ਕੇ ਰਹਿ ਗਈਆਂ ਹਨ। ਭਾਵੇਂ ਪੰਜਾਬੀ ਸੱਭਿਆਚਾਰ ਦੇ ਹਮਦਰਦ ਇਸ ਤਿਉਹਾਰ ਨੂੰ ਜਿਉਂਦਾ ਰੱਖਣ ਲਈ ਵਿਸ਼ੇਸ਼ ਉੱਪਰਾਲੇ ਕਰਦੇ ਹੋਏ ਪੰਜਾਬ ਦੀਆਂ ਇੱਕਾ-ਦੁੱਕਾ ਥਾਵਾਂ 'ਤੇ ਤੀਆਂ ਲਵਾ ਰਹੇ ਹਨ ਪਰ ਟੀ ਵੀ ਚੈਨਲਾਂ ਦੇ ਪ੍ਰਭਾਵ ਕਾਰਨ ਜਿਹੜੀਆਂ ਕੁੜੀਆਂ ਇਨ੍ਹਾਂ ਤੀਆਂ ਦੇ ਵਿਹੜਿਆਂ ਵਿੱਚ ਆਉਂਦੀਆਂ ਵੀ ਹਨ, ਉਨ੍ਹਾਂ ਦੇ ਕੱਪੜੇ ਅਤੇ ਰਹਿਣ-ਸਹਿਣ ਦਾ ਢੰਗ ਪੱਛਮੀ ਸੱਭਿਆਚਾਰ ਵਾਲੇ ਹੋਣ ਕਰ ਕੇ ਤੀਆਂ ਵਿੱਚ ਪਹਿਲਾਂ ਵਾਲੀ ਧਮਾਲ ਨਹੀਂ ਪੈਂਦੀ।

ਇਥੇ ਕੈਨੇਡਾ ਵਿਚ ਹਰ ਸਾਲ ਤੀਆਂ ਦੇ ਮੇਲੇ ਲਗਾਈ ਜਾਂਦੇ ਹਨ, ਜੋ ਕੁਝ ਗਇਕਾਵਾਂ ਤੇ ਕੁਝ ਖਾਸ ਲੋਕ ਸਟੇਜ਼ ਤੇ ਹੀ ਆਪਣਾ ਚਾਅ ਪੂਰਾ ਕਰਕੇ ਤੁਰਦੇ ਬਣਦੇ ਹਨ ਤੇ ਬਾਕ ਮੁਟਿਆਰਾਂ ਤਾਂ ਵਸ ਕੁਰਸੀਆਂ ਤੇ ਬੈਠ ਕੇ ਜੋ ਵੀ ਇਸ ਨੂੰ ਹੋਸਟ ਕਰਵਾ ਰਿਹਾ ਹੈ ਉਸ ਦੇ ਹਾਲ ਦੇ ਪੈਸੇ ਪੂਰੇ ਕਰਨ ਲਈ ਸਿਰਫ਼ ਦਰਸ਼ਕ ਬਣ ਰਹਿ ਜਾਂਦੀਆਂ ਹਨ।

ਦਾਦੀ ਇਹ ਵੀ ਕਹਿੰਦੀ ਹੁੰਦੀ ਸੀ ਕਿ ਜਦੋਂ ਪੰਜਾਬ ਅੱਤਵਾਦ ਦੀ ਭੱਠੀ ਵਿੱਚ ਝੁਲਸ ਰਿਹਾ ਸੀ, ਉਸ ਸਮੇਂ ਪੰਜਾਬ ਵਿੱਚ ਤੀਆਂ ਦੀ ਧਮਾਲ ਪੈਂਦੀ ਸੀ ਪਰ ਪੰਜਾਬ ਵਿੱਚ ਚੱਲੀ ਪੱਛਮੀ ਸੱਭਿਆਚਾਰ ਦੀ ਹਨੇਰੀ ਅੱਤਵਾਦ ਤੋਂ ਵੀ ਘਾਤਕ ਸਾਬਤ ਹੋ ਰਹੀ ਹੈ। ਵਰਤਮਾਨ ਸਮੇਂ ਇਹ ਤੀਆਂ ਨਿੱਜੀ ਸਮਾਜ ਸੇਵੀ ਸੰਸਥਾਵਾਂ ਜਾਂ ਸਕੂਲਾਂ-ਕਾਲਜਾਂ ਦੇ ਪ੍ਰਬੰਧਕਾਂ ਵੱਲੋਂ ਲਗਾਈਆਂ ਜਾਂਦੀਆਂ ਹਨ ਪਰ ਇਨ੍ਹਾਂ ਤੀਆਂ ਦੀਆਂ ਸਟੇਜਾਂ 'ਤੇ ਕੁੜੀਆਂ ਬਿਊਟੀ ਪਾਰਲਰਾਂ ਤੋਂ ਤਿਆਰ ਹੋ ਕੇ ਬਨਾਉਟੀ ਗਹਿਣੇ ਪਾ ਕੇ ਗਿੱਧਾ ਪਾਉਂਦੀਆਂ ਹਨ, ਜਿਸ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਨਹੀਂ ਪੈਂਦੀ।

ਅਸਲ ਵਿਚ ਤੀਆਂ ਸਾਉਣ ਦੇ ਮਹੀਨੇ ਦੀ ਤੀਜ ਨੂੰ ਸ਼ੁਰੂ ਹੁੰਦੀਆਂ ਹਨ ਤੇ ਪੁੰਨਿਆਂ ਨੂੰ ਖ਼ਤਮ ਹੋ ਜਾਂਦੀਆਂ ਹਨ। ਰੀਤ ਮੁਤਾਬਕ ਮਾਪੇ ਆਪਣੀਆਂ ਧੀਆਂ ਨੂੰ ਸਾਉਣ ਮਹੀਨਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੇਕੇ ਲੈ ਆਉਂਦੇ ਹਨ। ਕੁੜੀਆਂ ਹੱਥਾਂ ਤੇ ਮਹਿੰਦੀ ਲਾਉਂਦੀਆਂ ਸਨ ਤੇ ਨਾਲੇ ਰੰਗ ਬਰੰਗੀਆਂ ਚੂੜੀਆਂ ਵੀ ਚੜਾਉਂਦੀਆਂ ਸਨ। ਫਿਰ ਸ਼ਾਮ ਨੂੰ ਤਿਆਰ ਹੋ ਕੇ ਕਿਸੇ ਸਾਂਝੀ ਥਾਂ 'ਤੇ ਜਾਂਦੀਆਂ ਸਨ, ਪਿੱਪਲਾਂ, ਟਾਹਲੀਆਂ ਤੇ ਪੀਘਾਂ ਪਾਉਦੀਆਂ ਸਨ, ਗੋਲ ਘੇਰਾ ਬਣਾ ਕੇ ਗਿੱਧਾ ਪਾਉਦੀਆਂ ਸਨ, ਇੱਕ ਕੁੜੀ ਬੋਲੀ ਪਾਉਂਦੀ ਹੈ ਤੇ ਬਾਕੀ ਸਾਰੀਆਂ ਆਖਰੀ ਟੱਪੇ ਨੂੰ ਬਾਰ ਬਾਰ ਦੁਹਰਾ ਕੇ ਬੋਲਦੀਆਂ ਸਨ ਤੇ ਦੋ ਜਾਂ ਵੱਧ ਘੇਰੇ ਅੰਦਰ ਨੱਚਦੀਆਂ ਸਨ, ਪੁੰਨਿਆਂ ਵਾਲੇ ਦਿਨ ਵੱਅਲੋ ਪਾਈ ਜਾਂਦੀ ਸੀ, ਜਿਸ ਦਾ ਅੱਜ ਕਲ੍ਹ ਦੀਆਂ ਮੁਟਿਆਰਾਂ ਨੂੰ ਪੁਛ ਕੇ ਵੇਖ ਲਉ ਉਹਨਾਂ ਇਸ ਦਾ ਮਤਲਬ ਵੀ ਨਹੀਂ ਪਤਾ ਹੁਣਾ। ਕੁੜੀਆਂ ਘਰ ਨੂੰ ਵਾਪਸ ਜਾਂਦੀਆਂ ਵਾਰ ਵਾਰ ਰੁਕ ਰੁਕ ਕੇ ਗਿੱਧਾ ਪਾਉਂਦੀਆਂ ਜਾਂਦੀਆਂ ਤੇ ਨਾਲੇ ਗੀਤ ਗਾਉਂਦੀਆਂ ਘਰਾਂ ਨੂੰ ਜਾਦੀਆਂ ਸਨ। ਤੀਆਂ ਤੋਂ ਬਾਅਦ ਜਦੋਂ ਕੁੜੀਆਂ ਆਪਣੇ ਸੌਹਰੇ ਵਾਪਸ ਜਾਂਦੀਆਂ ਸਨ ਤਾਂ ਪੇਕੇ ਕੁੜੀਆਂ ਨੂੰ ਕੱਪੜੇ ਤੇ ਬਿਸਕੁਟ ਦੇ ਕੇ ਤੋਰਦੇ ਸਨ। ਅੱਜ ਕਲ੍ਹ ਪੇਕੇ ਨਹੀਂ ਮਾਂ ਬਾਪ ਬਾਹਰਲੇ ਦੇਸ਼ਾ ਦੇ ਲਾਲਚ ਵਿਚ ਇੰਨਾ ਡੁਬ ਚੁਕਾ ਹੈ , ਕਿ ਆਪਣਿਆਂ 15-16 ਸਾਲਾਂ ਦੀਆਂ ਧੀਆਂ ਨੂੰ ਗਲਤ ਓਮਰ ਦੇ ਪ੍ਰਮਾਨ ਪੱਤਰ ਲੈ ਕੇ ਵਿਦੇਸ਼ਾਂ ਵਿਚ ਧਕੇਲ ਰਹੇ ਹਨ। ਬੁਢਿਆ ਜੋ ਲੜਕੀ ਦੀ ਉਮਰ ਤੋਂ ਦੋ ਗੁਣਾ ਵੱਧ ਦੇ ਗਲੇ ਬੰਨ੍ਹ ਰਹੇ ਹਨ ਤਾਂ ਜੋ ਉਹ ਵੀ ਇਕ ਦਿਨ ਬਹੁਤ ਜਲਦ ਕੈਨੇਡਾ ਅਮਰੀਕਾਂ ਵਰਗੇ ਦੇਸ਼ਾਂ ਵਿਚ ਪਹੁੰਚ ਜਾਣ। ਦਾਦੀ ਦਸਦੀ ਹੁੰਦੀ ਸੀ ਕਿ ਪਹਿਲਾਂ ਤੀਆਂ ਵਾਲੇ ਦਿਨ, ਦੁਪਹਿਰ ਢਲਣ ਸਾਰ, ਸਭ ਕੁੜੀਆਂ-ਚਿੜੀਆਂ, ਪਹਿਨ ਪੱਚਰ ਕੇ, ਸਿਰ ਗੁੰਦਵਾ ਕੇ, ਹਾਰ ਸ਼ਿੰਗਾਰ ਕਰਕੇ, ਰੱਸੇ ਚੁੱਕ ਕੇ, ਹਿਰਨਾਂ ਦੀਆਂ ਡਾਰਾਂ ਵਾਂਗ ਚੁੰਗੀਆਂ ਭਰਦੀਆਂ, ਤੀਆਂ ਦੇ ਪਿੜ ਵੱਲ ਜਾਂਦੀਆਂ ਸਨ। ਪੀਂਘ ਝੂਟਦੀਆਂ ਕੁੜੀਆਂ, ਰੁੱਖ

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਜੀਤ ਸਿੰਘ ਫਲੋਰਾ
647-829-9397

ਦਾ ਟੀਸੀ ਦਾ ਪੱਤਾ, ਆਪਣੇ ਦੰਦਾਂ ਨਾਲ ਤੋੜਨਾ ਲੋਚਦੀਆਂ ਸਨ ਮੁਟਿਆਰਾਂ ਦਾ ਗਿੱਧਾ, ਤੀਆਂ ਵਿੱਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਹੁੰਦਾ ਸੀ। ਗਿੱਧਾ ਪੰਜਾਬਣ ਦੇ ਅੰਦਰੂਨੀ ਜਜ਼ਬਿਆਂ ਨੂੰ ਜ਼ੁਬਾਨ ਦਿੰਦਾ ਸੀ। ਮਨ ਦੇ ਵਲਵਲਿਆਂ ਦਾ ਅਲੋਕਾਰ ਪ੍ਰਦਰਸ਼ਨ ਹੋ ਨਿਬੜਦਾ ਸੀ। ਤੀਆਂ ਦੇ ਦਿਨਾਂ 'ਚ ਕੁੜੀਆਂ ਨੂੰ ਨਾ ਸੱਸ ਦਾ ਡਰ ਹੁੰਦਾ, ਨਾ ਸਹੁਰੇ ਕੋਲੋਂ ਘੁੰਡ ਕੱਢਣਾ ਪੈਂਦਾ ਸੀ। ਬੰਧਨਾਂ ਤੋਂ ਮੁਕਤ, ਆਜ਼ਾਦ ਪੰਖੇਰੂਆਂ ਵਾਂਗ, ਕੁੜੀਆਂ ਅੰਬਰੀਂ ਉਡਾਰੀਆਂ ਭਰਨਾ ਲੋਚਦੀਆਂ ਅਤੇ ਜਵਾਨੀ ਦੀ ਰੱਜ ਕੇ ਪ੍ਰਦਰਸ਼ਨੀ ਲਾਉਣਾ ਚਾਹੁੰਦੀਆਂ ਸਨ। ਬੋਲੀਆਂ ਦੇ ਮਾਧਿਅਮ ਰਾਹੀਂ ਕੁੜੀਆਂ ਧੁਰ ਅੰਦਰੋਂ, ਉਹ ਸਾਰਾ ਦਰਦ ਫਰੋਲ ਦਿੰਦੀਆਂ ਸਨ, ਜਿਹੜਾ ਦਰਦ ਉਨ੍ਹਾਂ ਨੂੰ ਸੱਸ, ਨਣਦ, ਦਰਾਣੀ-ਜਠਾਣੀ ਜਾਂ ਕੰਤ ਵੱਲੋਂ ਮਿਲਿਆ ਹੁੰਦਾ ਸੀ। ਤੀਆਂ ਰੂਹ ਦਾ ਦਰਦ ਕਹਿਣ ਤੇ ਸੁਣਨ ਦਾ ਜ਼ਰੀਆ ਬਣ ਜਾਂਦੀਆਂ ਸਨ।

ਪਰ ਸਮੇਂ ਦੇ ਹਿਸਾਬ ਨਾਲ ਨਾ ਕੋਈ ਦਰਦ ਵਡਾਉਣ ਵਾਲਾ ਰਿਹਾ ਨਾ ਵੰਡਣ ਵਾਲਾ, ਪ੍ਰਦੇਸਾਂ ਵਿਚ ਮੁੰਡੇ ਕੁੜੀਆਂ ਇਹ ਇਕੱਲੇਪਨ ਦਾ ਦਰਦ ਫਿਕਰਾਂ ਦਾ ਦਰਦ, ਉਹਨਾਂ ਨੂੰ ਆਤਮਹੱਤਿਆਂ ਕਰਨ ਲਈ ਮਜ਼ਬੂਰ ਕਰ ਰਿਹਾ ਹੈ। ਜੋ ਸਭ ਦੇ ਸਾਹਮਣੇ ਹੈ ਕੈਨੇਡਾ - ਅਮਰੀਕਾ ਤੋਂ ਆਏ ਦਿਨ ਕਿਸੇ ਨਾ ਕਿਸੇ ਮਾਂ ਬਾਪ ਦੇ ਹਿਰਦੇ ਦੇ ਟੁਕੜੇ ਦੀ ਲਾਸ਼ ਭੇਜੀ ਜਾਂਦੀ ਹੈ। ਜੋ ਮੰਦਭਾਗਾ ਰੋਜਾਨ ਹੈ।

ਇਨ੍ਹਾਂ ਦਿਨਾਂ 'ਚ ਘਰ-ਘਰ ਮੱਠੀਆਂ ਤਲੀਆਂ ਜਾਂਦੀਆਂ ਸਨ, ਗੁਲਗਲੇ ਪੱਕਦੇ, ਮਾਲ੍ਹਪੂੜੇ ਬਣਦੇ ਅਤੇ ਖੀਰਾਂ ਰਿੱਝਦੀਆਂ ਸਨ। ਕਹਿੰਦੇ ਨੇ:

'ਕਾਹਦਾ ਆਇਆ ਅਪਰਾਧੀਆ,
ਜੇ ਸਾਵਣ ਖੀਰ ਨਾ ਖਾਧੀ ਆ।'

ਇਹ ਬੋਲੀ ਕਾਦਰ ਦੀ ਕੁਦਰਤ ਵੱਲੋਂ ਸਿਰਜੇ ਸੁਹਾਵਣੇ ਅਤੇ ਰੂਹ ਦੀ ਤ੍ਰਿਪਤੀ ਵਾਲੇ ਮੌਸਮੀ ਦ੍ਰਿਸ਼ਾਂ ਨਾਲ ਪੈਂਦੀ ਗੂੜ੍ਹੀ ਮਿੱਤਰਤਾ ਨੂੰ ਮੁਖ਼ਾਤਵ ਹੁੰਦੀ ਹੈ। ਬਾਰਾ ਮਾਹ ਰਾਹੀਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਸਾਉਣ ਮਹੀਨੇ ਦੀ ਮਹੱਤਤਾ ਦੱਸੀ ਹੈ। ਪੰਜਾਬੀ ਦੇ ਸ਼ਾਇਰ ਬਾਬੂ ਫਿਰੋਜ਼ ਦੀਨ ਸ਼ਰਫ ਲਿਖਦੇ ਹਨ ਕਿ

ਸਾਵਣ ਸੀਸ ਗੁੰਦਾ ਕੇ ਸਈਆਂ, ਹਾਰ ਸ਼ਿੰਗਾਰ ਲਗਾਏ ਨੇ।
ਸਿਰ ਤੇ ਸਾਲੂ ਸ਼ਗਨਾ ਵਾਲੇ, ਰੀਝਾਂ ਨਾਲ ਸਜਾਏ ਨੇ।
ਮਿਠੇ ਮਿਠੇ ਗੀਤ ਮਾਹੀ ਦੇ, ਸਭਨਾ ਰਲ ਮਿਲ ਗਾਏ ਨੇ।

ਜਦ ਸਭ ਮੁਟਿਆਰਾਂ ਪੇਕੇ ਘਰ ਵਾਪਿਸ ਆ ਜਾਂਦੀਆਂ ਸਨ, ਤੇ ਉਹ ਇਹ ਬੋ ? ?ਆਂ ? ਪਾ ਕੇ ਸਭ ਨੂੰ ਦੱਸ ਦਿੰਦੀਆਂ ਸਨ ਕਿ

ਆਉਦੀ ਕੁੜੀਏ, ਜਾਂਦੀ ਕੁੜੀਏ, ਤੁਰਦੀ ਪਿੱਛੇ ਨੂੰ ਜਾਵੇਂ,
ਨੀ ਕਾਹਲੀ ਕਾਹਲੀ ਪੈਰ ਪੱਟ ਲੈ,
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ,

ਜਦ ਸਾਉਣ ਖਤਮ ਹੋਣ ਤੇ ਆਉਣਾ ਮੁਟਿਆਰਾਂ ਨੇ ਇਹ ਬੋਲੀਆਂ ਪਾਓਣਿਆਂ ਸ਼ੁਰੂ ਕਰ ਦੇਣਿਆ:

ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ,
ਅਸਾਂ ਨੀ ਸੌਹਰੇ ਜਾਣਾ, ਗੱਡੀ ਨੂੰ ਖਾਲੀ ਮੋੜ ਵੇ,
ਅਸਾਂ ਨੀ ਸੌਹਰੇ ...........

ਅੱਜ ਫਿਰ ਲੋੜ ਹੈ, ਉਹੋ ਜਿਹੇ ਮਾਹੌਲ ਦਾ ਜਿਥੇ ਹਾਸੇ, ਖੁਸੀਆਂ, ਆਪਣਾ ਪਨ, ਹੋਵੇਂ ਆਉ ! ਫਿਰ ਪੰਜਾਬੀ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਜਿਉਂਦਾ ਰੱਖਣ ਲਈ ਪੁਰਾਤਨ ਤੀਆਂ ਦੇ ਪਿੜਾਂ ਦੀ ਪਿੰਡ-ਪਿੰਡ ਸਥਾਪਤੀ ਕਰਨ ਲਈ ਆਪਣਾ ਯੋਗਦਾਨ ਪਾਈਏ ਤਾਂ ਜੋ ਸਾਡੇ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਦੀ ਪੁਰਾਤਨ ਧਾਂਕ ਕਾਇਮ ਰੱਖੀ ਜਾ ਸਕੇ।



# ਵਿਦਿਆਰਥੀਆਂ ਲਈ ਸਮੇਂ ਦਾ ਮਹੱਤਵ



ਵਿਦਿਆਰਥੀ ਜੀਵਨ ਜ਼ਿੰਦਗੀ ਦਾ ਵਡਮੁੱਲਾ ਸਮਾਂ ਹੁੰਦਾ ਹੈ। ਜਿਸ ਵਿੱਚ ਵਿਦਿਆਰਥੀ ਦੇ ਵਿਅਕਤੀਤਵ ਦਾ ਵਿਕਾਸ ਹੋਣਾ ਹੁੰਦਾ ਹੈ। ਇੱਕ ਚੰਗਾ ਵਿਦਿਆਰਥੀ ਓਹੀ ਹੈ ਜੋ ਆਪਣੀਆਂ ਚੰਗੀਆਂ ਪੜ੍ਹਨ ਰੁਚੀਆਂ ਦਾ ਵਿਕਾਸ ਕਰਦਾ ਹੈ ਅਤੇ ਖੁਦ ਨੂੰ ਅੱਗੇ ਵਧਾਉਣ ਲਈ ਪੁਰਜ਼ੋਰ ਯਤਨ ਕਰਦਾ ਹੈ।

ਇਸ ਸਭ ਦੇ ਨਾਲ਼-ਨਾਲ਼ ਵਿਦਿਆਰਥੀ ਦੇ ਯਤਨਾਂ ਨੂੰ ਫਲ਼ ਉਦੋਂ ਹੀ ਪੈਂਦਾ ਹੈ ਜਦੋਂ ਉਹ ਸਮੇਂ ਦਾ ਸਹੀ ਇਸਤੇਮਾਲ ਕਰਦਾ ਹੈ।

ਬੱਚਿਓ ਸਮਾਂ ਇੱਕ ਐਸੀ ਮਸ਼ੀਨ ਹੈ ਜੋ ਕਦੇ ਕਿਸੇ ਲਈ ਨਹੀਂ ਰੁਕਦੀ, ਸਗੋਂ ਸਾਨੂੰ ਖੁਦ ਆਪਣੇ-ਆਪ ਨੂੰ ਇਸਦੇ ਬਰਾਬਰ ਤੋਰਨਾ ਪੈਂਦਾ ਹੈ। ਜੋ ਵਿਦਿਆਰਥੀ ਸਮੇਂ ਦੇ ਅਨੁਸਾਰ ਨਹੀਂ ਚੱਲਦਾ ਉਹ ਆਪਣੇ ਟੀਚੇ ਪ੍ਰਾਪਤੀ ਦੀ ਦੌੜ ਵਿੱਚ ਪਿੱਛੇ ਰਹਿ ਜਾਂਦਾ ਹੈ।

ਇੱਕ ਚੰਗਾ ਵਿਦਿਆਰਥੀ ਉਹ ਹੈ ਜੋ ਸਮੇਂ ਦੀ ਕਦਰ ਕਰਦਾ ਹੈ ਅਤੇ ਉਸਨੂੰ ਵਿਅਰਥ ਨਹੀਂ ਗਵਾਉਂਦਾ। ਪੜ੍ਹਨ ਉਮਰੇ ਸਮੇਂ ਦੀ ਕਦਰ ਕਰਨ ਵਾਲਾ ਇਨਸਾਨ ਜ਼ਿੰਦਗੀ ਵਿੱਚ ਕਦੇ ਮਾਰ ਨਹੀਂ ਖਾਂਦਾ। ਆਓ ਸਮੇਂ ਦੀ ਸੰਭਾਲ ਸਬੰਧੀ ਕੁਝ ਨੁਕਤੇ ਸਾਂਝੇ ਕਰੀਏ:-

* ਸਵੇਰੇ ਹਮੇਸ਼ਾ ਸਮੇਂ ਸਿਰ ਸਵਖਤੇ ਉੱਠੋ, ਤਾਂ ਜੋ ਸਕੂਲ ਲਈ ਆਰਾਮ ਨਾਲ਼ ਤਿਆਰ ਹੋਇਆ ਜਾ ਸਕੇ। ਸਿਆਣੇ ਕਹਿੰਦੇ ਹਨ ਕਿ ਜੋ ਤੜਕੇ ਸਮੇਂ ਸਿਰ ਉੱਠ ਕੇ ਕੰਮ ਮੁਕਾ ਲੈਂਦਾ ਹੈ ਉਹ ਸਾਰਾ ਦਿਨ ਕੰਮ ਨੂੰ ਅੱਗੇ ਲਗਾ ਕੇ ਰੱਖਦਾ ਹੈ।

* ਸਕੂਲ ਨੂੰ ਸਮੇਂ ਸਿਰ ਘਰ ਤੋਂ ਚੱਲੋ ਤਾਂ ਜੋ ਤੁਹਾਨੂੰ ਰਸਤੇ ਵਿੱਚ ਕਾਹਲ਼ੀ ਨਾ ਕਰਨੀ ਪਵੇ।

ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਅਮਨਦੀਪ ਸਿੰਘ
9501020021

* ਅੱਧੀ ਛੁੱਟੀ ਵੇਲ਼ੇ ਆਪਣੀ ਰੋਟੀ ਸਮੇਂ ਸਿਰ ਖਾ ਲਓ ਤਾਂ ਜੋ ਖਾਣਾ ਖਾਣ ਵੇਲ਼ੇ ਕਾਹਲ਼ਾ ਨਾ ਕਰਨੀ ਪਵੇ।

* ਅਧਿਆਪਕ ਦੁਆਰਾ ਜਮਾਤ ਵਿੱਚ ਪੜ੍ਹਾਏ ਜਾਂ ਲਿਖਾਏ ਜਾਣ ਵੇਲ਼ੇ ਆਪਣੀ ਕਾਪੀ ਪੈੱਨ ਖੋਲ੍ਹ ਕੇ ਰੱਖੋ ਤਾਂ ਜੋ ਲਿਖਾਇਆ ਗਿਆ ਕੰਮ ਤੁਸੀਂ ਸਮੇਂ ਸਿਰ ਆਪ ਕਰ ਸਕੋਂ ਅਤੇ ਤੁਹਾਨੂੰ ਦੂਜਿਆਂ ਦੀ ਕਾਪੀ ਵੱਲ ਨਾ ਵੇਖਣਾ ਪਵੇ।

* ਸਕੂਲ ਦੀ ਤਰ੍ਹਾਂ ਘਰ ਵਿੱਚ ਵੀ ਆਪਣੀ ਸਮਾ-ਸਾਰਨੀ ਬਣਾ ਕੇ ਰੱਖੋ ਤਾਂ ਜੋ ਘਰ ਵਿੱਚ ਆ ਕੇ ਆਰਾਮ ਕਰਨ, ਖੇਡਣ, ਕੰਮ ਕਾਜ ਕਰਵਾਉਣ, ਟੀ. ਵੀ. ਵੇਖਣ ਦਾ ਸਮਾਂ ਤਹਿ ਹੋ ਸਕੇ ਅਤੇ ਪੜ੍ਹਨ ਲਈ ਵੀ ਸਮਾਂ ਕੱਢਿਆ ਜਾ ਸਕੇ।

* ਆਪਣੇ ਸੌਣ ਦੇ ਸਮੇਂ ਵਿੱਚ ਕਦੇ ਦੇਰ ਨਾ ਕਰੋ ਕਿਉਂਕਿ ਜਿੰਨੀ ਦੇਰ ਰਾਤ ਤੱਕ ਤੁਸੀਂ ਜਾਗੋਂਗੇ ਓਨੀ ਹੀ ਸਵੇਰੇ ਸਵਖਤੇ ਉੱਠਣ ਵਿੱਚ ਮੁਸ਼ਕਿਲ ਹੋਵੇਗੀ।

* ਆਪਣੀ ਸਲਾਨਾ ਪ੍ਰੀਖਿਆ ਲਈ ਵੀ ਸਮਾਂਬੱਧ ਪੜ੍ਹਾਈ ਪਹਿਲਾਂ ਹੀ ਸ਼ੁਰੂ ਕਰ ਦਿਓ ਤਾਂ ਜੋ ਇਮਤਿਹਾਨਾਂ ਦੇ ਸਿਰ 'ਤੇ ਹੋਣ ਵੇਲੇ ਬੋਝ ਮਹਿਸੂਸ ਨਾ ਹੋਵੇ।

* ਕਦੇ ਵੀ ਇਹ ਗੱਲਾਂ ਨਾ ਕਰੋ:-
ਹੋਰ ਸੌਂ ਲੈਂਦਾ ਹਾਂ, ਦੋ ਮਿੰਟ ਤੱਕ ਕਰਦਾ ਹਾਂ, ਬਹੁਤ ਛੁੱਟੀਆਂ ਬਾਕੀ ਪਈਆਂ ਹਨ, ਪੇਪਰ ਹਲੇ ਦੂਰ ਹਨ, ਸਮਾਂ ਵਾਧੂ ਹੈ।

ਯਾਦ ਰੱਖਿਓ ਜੇਕਰ ਤੁਸੀਂ ਸਮੇਂ ਨੂੰ ਵਿਅਰਥ ਬਰਬਾਦ ਕਰੋਂਗੇ ਤਾਂ ਤੁਸੀਂ ਕਦੇ ਵੀ ਆਪਣੀ ਮੰਜ਼ਿਲ ਦੀ ਪ੍ਰਾਪਤੀ ਨਹੀਂ ਕਰ ਸਕੋਂਗੇ। ਪਰ ਜੇਕਰ ਸਮੇਂ ਦੀ ਕਦਰ ਕਰੋਂਗੇ ਤਾਂ ਸਮਾਂ ਤੁਹਾਨੂੰ ਤੁਹਾਡੀ ਮੰਜ਼ਿਲ ਤੱਕ ਪਹੁੰਚਾ ਦੇਵੇਗਾ।

# ਡਗਸ਼ਈ ਦੀ ਜੇਲ੍ਹ ਯਾਤਰਾ




ਬੇਟੀ ਬਾਹਰੋਂ ਆਈ ਹੋਈ ਸੀ ਤੇ ਨਵਾਂ ਸਾਲ ਮਨਾਉਣ ਲਈ ਕਿਸੇ ਨੇੜੇ ਦੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਆ। ਸਲਾਹ ਕਰਕੇ ਮੈਂ, ਪਤਨੀ ਹਰਜੀਤ, ਬੇਟੀ ਰਸ਼ਮੀਤ ਤੇ ਭਤੀਜੇ ਦੀਪਕੰਵਲ ਨੇ ਬੜੋਗ ਤੇ ਡਗਸ਼ਈ ਵੱਲ ਚਾਲੇ ਪਾ ਦਿੱਤੇ। ਸ਼ਿਮਲੇ ਰੋਡ ਵੱਲ ਜਾਂਦਿਆਂ ਹਿਮਾਚਲ ਪ੍ਰਦੇਸ਼ ਵਿੱਚ ਐਂਟਰ ਹੋਣ ਤੋਂ ਬਾਅਦ ਸੜਕ ਦੇ ਸੱਜੇ ਹੱਥ ਇੱਕ ਬਹੁਤ ਸੋਹਣਾ ਨਵਾਂ ਹੀ ਪਾਰਕ ਆਉਂਦਾ ਹੈ, ਜਿੱਥੇ ਵੱਡੇ-ਵੱਡੇ ਅੱਖਰਾਂ 'ਚ 'ਆਈ ਲਵ ਹਿਮਾਚਲ' ਲਿਖਿਆ ਹੋਇਆ ਹੈ। ਇੱਥੇ ਬਹੁਤ ਹੀ ਸੋਹਣੇ-ਸੋਹਣੇ ਫੁੱਲਾਂ ਦੇ ਬੂਟੇ ਲੱਗੇ ਹੋਏ ਹਨ। ਚਾਰੇ ਪਾਸੇ ਹਰਿਆਵਲ ਬਾਹਾਂ ਖੋਲ੍ਹ ਕੇ ਤੁਹਾਡਾ ਸਵਾਗਤ ਕਰਦੀ ਹੈ। ਸੋਹਣੇ-ਸੋਹਣੇ ਫੁੱਲਾਂ 'ਚ ਸੋਹਣੀਆਂ-ਸੋਹਣੀਆਂ ਤਸਵੀਰਾਂ ਨੂੰ ਆਪਣੇ ਮੋਬਾਈਲ ਦੇ ਕੈਮਰੇ ਵਿੱਚ ਕੈਦ ਕੀਤਾ।

ਜਾਣ ਤੋਂ ਪਹਿਲਾਂ ਮੇਰਾ ਇੱਕ ਵਕੀਲ ਦੋਸਤ ਗਗਨਦੀਪ ਗੋਰਾਇਆ ਕਹਿੰਦਾ ਕਿ ਉੱਥੇ ਮੇਨ ਸੜਕ 'ਤੇ ਹੀ ਆਪਣੇ ਨਾਲ ਦੇ ਪਿੰਡ ਦੇ ਇੱਕ ਸਰਦਾਰ ਜੀ ਨੇ ਆਪਣਾ ਗੈਸਟ ਹਾਊਸ ਬਣਾਇਆ ਹੋਇਆ ਹੈ ਅਤੇ ਉਹ ਫ਼ਤਿਹਗੜ੍ਹ ਸਾਹਿਬ ਤੋਂ ਗਿਆਂ ਨੂੰ ਬਹੁਤ ਪਿਆਰ ਨਾਲ ਮਿਲਦੇ ਹਨ। ਉੱਥੇ ਉਹਨਾਂ ਨੂੰ ਮਿਲ ਲੈਣਾ, ਪਰ ਉਹ ਕਾਫੀ ਬਜ਼ੁਰਗ ਨੇ, ਹੋ ਸਕਦਾ ਹੁਣ ਜਿਉਂਦੇ ਵੀ ਹੋਣ ਜਾਂ ਨਾ। ਉਸ ਤੋਂ ਬਾਅਦ ਉਹਨੇ ਕਿਹਾ ਕਿ ਕੁਝ ਦੂਰੀ ਉੱਤੇ ਹੀ ਚਾਚਾ ਜੀ ਦਾ ਢਾਬਾ ਹੈ, ਜਿੱਥੇ ਪਰੌਂਠੇ ਬਹੁਤ ਸਵਾਦ ਹੁੰਦੇ ਹਨ, ਉੱਥੇ ਪਰੌਂਠੇ ਛਕ ਲੈਣਾ। ਜਾਂਦਿਆਂ ਸਾਨੂੰ ਸੌਖਿਆਂ ਹੀ ਸਰਦਾਰ ਜੀ ਦਾ ਉਹ ਗੈਸਟ ਹਾਊਸ ਮਿਲ ਗਿਆ। ਉੱਥੇ ਉਹਨਾਂ ਨੂੰ ਮਿਲ ਕੇ ਗੱਲਾਂਬਾਤਾਂ ਕੀਤੀਆਂ ਤੇ ਉਹਨਾਂ ਨੇ ਸਾਨੂੰ ਹਿਮਾਚਲ ਦੀ ਸਪੈਸ਼ਲ ਚਾਹ ਪਿਲਾਈ। ਭਾਵ ਉਹ ਬਿਲਕੁਲ ਤੰਦਰੁਸਤ ਤੇ ਸਹੀ ਸਲਾਮਤ ਸਨ। ਉਸ ਤੋਂ ਅੱਧੇ ਕੁਝ ਘੰਟੇ ਬਾਅਦ ਸਾਹਮਣੇ ਚਾਚਾ ਜੀ ਦੇ ਢਾਬੇ ਦਾ ਬੋਰਡ ਲੱਗਿਆ ਦੇਖਿਆ ਤੇ ਗੱਡੀ ਰੋਕ ਲਈ। ਢਾਬੇ ਅੰਦਰ ਬੈਠਿਆਂ ਤੋਂ ਆਰਡਰ ਲੈਣ ਆਏ ਮੁੰਡੇ ਨੂੰ ਪੁੱਛਿਆ ਕਿ ਚਾਚਾ ਜੀ ਕਿੱਥੇ ਹਨ। ਉਸ ਨੇ ਤਾਂਹ ਨੂੰ ਉਂਗਲ ਕਰਕੇ ਕਿਹਾ ਜੀ ਉਹ ਤਾਂ ਉੱਪਰ ਹਨ। ਮੈਂ ਨਾਲ ਹੀ ਕਿਹਾ ਕਿ ਬੁਲਾਓ ਉਹਨਾਂ ਨੂੰ, ਮਿਲਣਾ ਹੈ। ਉਸਨੇ ਫਿਰ ਜਵਾਬ ਦਿੱਤਾ ਕਿ ਉਹ ਤਾਂ ਜੀ ਉੱਪਰ ਚਲੇ ਗਏ, ਭਾਵ ਉਹਨਾਂ ਦੀ ਮੌਤ ਹੋ ਚੁੱਕੀ ਹੈ। ਮਤਲਬ ਕਿ ਜਿਸ ਦੇ ਜਿਉਂਦੇ ਹੋਣ ਦੀ ਉਮੀਦ ਨਹੀਂ ਸੀ, ਉਹ ਸਹੀ ਸਲਾਮਤੀ ਤੇ ਜਿਸ ਬਾਰੇ ਇਹ ਸ਼ੰਕਾ ਵੀ ਨਹੀਂ ਸੀ, ਉਹ ਫੌਤ ਹੋ ਚੁੱਕਾ ਸੀ। ਇਸ ਲਈ ਰਹਿੰਦੇ ਸਾਹਾਂ ਤੱਕ ਜਿੰਨਾ ਹੋ ਸਕੇ ਜ਼ਿੰਦਗੀ ਜੀਅ ਲਈ ਜਾਵੇ, ਘੁੰਮ ਫਿਰ ਕੇ ਦੁਨੀਆਦਾਰੀ ਦੇਖ ਲਈ ਜਾਵੇ। ਖੈਰ ਉੱਥੇ ਨਾਸ਼ਤਾ ਕੀਤਾ ਤੇ ਥੋੜ੍ਹੀ ਅੱਗੇ ਜਾ ਕੇ ਇੱਕ ਹੋਮਸਟੇਅ ਵਿਖੇ ਕਮਰਾ ਲੈ ਲਿਆ, ਕਿਉਂਕਿ 31 ਦਸੰਬਰ ਹੋਣ ਕਰਕੇ ਸ਼ਾਮ ਤੱਕ ਟੂਰਿਸਟਾਂ ਦੀ ਬਹੁਤ ਜਿਆਦਾ ਭੀੜ ਹੋ ਜਾਣੀ ਸੀ ਤੇ ਕਮਰਾ ਲੱਭਣ ਵਿੱਚ ਦਿੱਕਤ ਆਉਣੀ ਸੀ। ਫਰੈਸ਼ ਹੋਣ ਉਪਰੰਤ ਹੋਮਸਟੇਅ ਤੋਂ ਇੱਕ ਪਹਾੜੀ ਥੱਲੇ ਉੱਤਰ ਕੇ ਤੇ ਦੂਜੇ ਪਾਸੇ ਇੱਕ ਹੋਰ ਪਹਾੜੀ ਦੇ ਉੱਪਰ ਵੱਲ ਡਗਸ਼ਈ ਨੂੰ ਚੱਲ ਪਏ।

ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ 'ਚ ਪੈਂਦਾ ਡਗਸ਼ਈ ਪੁਰਾਣੇ ਛਾਉਣੀ ਖੇਤਰਾਂ ਵਿੱਚੋਂ ਇੱਕ ਹੈ, ਜਿਹੜਾ ਕਿ ਸੋਲਨ ਤੋਂ 11 ਤੇ ਕਾਲਕਾ ਤੋਂ 27 ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਇਸਦੀ ਸਥਾਪਨਾ 1847 'ਚ ਈਸਟ ਇੰਡੀਆ ਕੰਪਨੀ ਦੁਆਰਾ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਤੋਂ ਡੱਬਲੀ,

ਨਿਊਯਾਰਕ ਪ੍ਰੀਤਨਾਮਾ ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
ਅਮਰਬੀਰ ਸਿੰਘ ਚੀਮਾ
ਮੋਬਾਈਲ ਨੰ: 9888940211

ਬੁਘਤਿਆਲਾ, ਚੁਨਾਗ, ਜਾਵ੍ਹਗ ਅਤੇ ਡਗਸ਼ਈ ਨਾਮਕ ਪੰਜ ਪਿੰਡ ਮੁਫ਼ਤ ਵਿੱਚ ਪ੍ਰਾਪਤ ਕਰਕੇ ਕੀਤੀ ਸੀ। ਨਵੀਂ ਛਾਉਣੀ ਦਾ ਨਾਮ ਆਖਰੀ ਨਾਮ ਵਾਲੇ ਪਿੰਡ ਦੇ ਨਾਮ 'ਤੇ ਰੱਖਿਆ ਗਿਆ ਸੀ, ਕਿਉਂਕਿ ਇਹ ਸਭ ਤੋਂ ਵੱਡਾ ਅਤੇ ਰਣਨੀਤਕ ਤੌਰ 'ਤੇ ਸਭ ਤੋਂ ਵੱਧ ਸੁਰੱਖਿਅਤ ਸੀ। ਕਿਹਾ ਜਾਂਦਾ ਹੈ ਕਿ ਡਗਸ਼ਈ ਨਾਮ 'ਦਾਗ-ਏ-ਸ਼ਾਹੀ' ਤੋਂ ਲਿਆ ਗਿਆ ਸੀ। ਮੁਗਲਾਂ ਦੇ ਸਮੇਂ ਅਪਰਾਧੀਆਂ ਦੇ ਮੱਥੇ 'ਤੇ ਦਾਗ-ਏ-ਸ਼ਾਹੀ ਲਿਖਿਆ ਜਾਂਦਾ ਸੀ ਅਤੇ ਉਹਨਾਂ ਨੂੰ ਉਸ ਸਮੇਂ ਦੇ ਡਗਸ਼ਈ ਪਿੰਡ ਭੇਜ ਦਿੱਤਾ ਜਾਂਦਾ ਸੀ।

ਡਗਸ਼ਈ ਸ਼ਹਿਰ 'ਚ 'ਡਗਸ਼ਈ ਦੀ ਕੇਂਦਰੀ ਜੇਲ੍ਹ', 'ਮਿਊਜ਼ੀਅਮ' ਤੇ 'ਕੈਥੋਲਿਕ ਚਰਚ' ਮੁੱਖ ਤੌਰ 'ਤੇ ਵੇਖਣਯੋਗ ਥਾਵਾਂ ਹਨ। ਇੱਥੇ ਛਾਉਣੀ 'ਚ ਦੀ ਹੁੰਦਿਆਂ ਹੋਇਆਂ 'ਡਗਸ਼ਈ ਪਬਲਿਕ ਸਕੂਲ' ਦੇਖਿਆ। ਉਸ ਸਕੂਲ ਅੰਦਰ ਬਣੇ ਹੋਏ ਗੁਰਦੁਆਰੇ ਦੇ ਦਰਸ਼ਨ ਕੀਤੇ। ਛੁੱਟੀ ਉਪਰੰਤ ਉਥੇ ਬੈਠੇ ਕਲਰਕ ਮੈਡਮ ਨਾਲ ਸਕੂਲ ਬਾਬਤ ਗੱਲਬਾਤ ਕੀਤੀ। ਉਪਰੰਤ ਅੰਗਰੇਜਾਂ ਦੇ ਸਮੇਂ ਦੀ ਬਣੀ ਹੋਈ 'ਡਗਸ਼ਈ ਸੈਂਟਰਲ ਜੇਲ੍ਹ' ਵੇਖਣ ਤੋਂ ਪਹਿਲਾਂ ਜੇਲ੍ਹ ਦੇ ਬਿਲਕੁਲ ਸਾਹਮਣੇ ਹੀ ਫਾਸਟ ਫੂਡ ਦੀ ਦੁਕਾਨ ਕਰ ਰਹੇ ਇੱਕ ਸਰਦਾਰ ਜੀ ਦੀ ਦੁਕਾਨ ਤੋਂ ਦੁਪਹਿਰ ਦਾ ਖਾਣਾ ਖਾਧਾ। ਉਹ ਪਿਛਲੇ 16 ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਖਾਣਾ ਖਾਂਦਿਆਂ ਉਹਨਾਂ ਨਾਲ ਇੱਥੋਂ ਦੀ ਜੇਲ੍ਹ, ਮੌਸਮ ਤੇ ਸ਼ਹਿਰ ਦੇ ਲੋਕਾਂ ਬਾਰੇ ਗੱਲਬਾਤ ਕੀਤੀ। ਉਹਨਾਂ ਦੱਸਿਆ ਕਿ ਦੁਪਹਿਰ ਦੀ ਲੰਚ ਬ੍ਰੇਕ ਤੋਂ ਬਾਅਦ ਹੁਣ 4 ਵਜੇ ਜੇਲ੍ਹ ਦੁਬਾਰਾ ਖੁੱਲ੍ਹੇਗੀ।

ਇਸ ਜੇਲ੍ਹ ਦਾ ਨਿਰਮਾਣ 1849 ਈਸਵੀ 'ਚ 72875/- ਦੀ ਲਾਗਤ ਨਾਲ ਕੀਤਾ ਗਿਆ ਸੀ। ਇਸ ਵਿਚ ਕੈਦੀਆਂ ਲਈ 8 ਵਾਏ 12 ਦੇ 20 ਫੁੱਟ ਉੱਚੇ 54 ਕਮਰੇ ਹਨ, ਜਿਨਾਂ 'ਚੋਂ 11 ਕਮਰਿਆਂ ਨੂੰ ਹੁਣ ਕਰਮਚਾਰੀਆਂ ਦੇ ਰਹਿਣ ਲਈ ਤਬਦੀਲ ਕਰ ਦਿੱਤਾ ਗਿਆ ਹੈ। ਬਾਕੀ 43 ਕੈਦਖਾਨਿਆਂ ਵਿੱਚੋਂ 27 ਸਧਾਰਨ ਕੈਦੀਆਂ ਲਈ ਜਦਕਿ 16 ਕਮਰੇ ਇੱਕ ਇਕੱਲੇ ਕੈਦੀ ਦੇ ਰਹਿਣ ਲਈ ਵਰਤੇ ਜਾਂਦੇ ਸਨ। ਇਸ ਜੇਲ੍ਹ ਦੀ ਖਾਸੀਅਤ ਇਹ ਹੈ ਕਿ ਜੇਲ੍ਹ ਪਰਿਸ਼ਦ ਵਿੱਚ ਅੱਗ ਲੱਗਣ ਵਰਗੀ ਸਥਿਤੀ 'ਤੇ ਕਾਬੂ ਪਾਉਣ ਲਈ ਸਕਾਟਲੈਂਡ ਦੀ 'ਗਲੈਨਫੀਲਡ ਐਂਡ ਕੰਪਨੀ' ਤੋਂ ਸਿਰਕਾ ਟਾਈਪ ਅੱਗ ਰੋਕੂ ਯੰਤਰ ਖਰੀਦਿਆ ਗਿਆ, ਜਿਸਨੂੰ 1865 'ਚ ਇਸ ਜੇਲ੍ਹ ਵਿੱਚ ਲਗਾਇਆ ਗਿਆ। ਉਸ ਸਮੇਂ ਦੀ ਬ੍ਰਿਟਿਸ਼ ਹਕੂਮਤ ਵੱਖ-ਵੱਖ ਜੁਰਮਾਂ ਦੇ ਅਪਰਾਧੀਆਂ ਨੂੰ ਇਸ ਜੇਲ੍ਹ ਵਿੱਚ ਰੱਖਦੀ ਸੀ। ਪਹਾੜੀ ਦੀ ਚੋਟੀ ਦੇ ਬਿਲਕੁਲ ਉੱਪਰ ਬਣੀ ਹੋਈ ਇਹ ਜੇਲ੍ਹ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਰੱਖੀ ਹੋਈ ਹੈ। ਹਵਾ ਤੇ ਰੋਸ਼ਨੀ ਲਈ ਇੱਕ ਮਜ਼ਬੂਤ ਖਿੜਕੀ ਹੈ, ਇਸ ਤੋਂ ਇਲਾਵਾ ਹਵਾ ਲਈ ਜ਼ਮੀਨਦੋਜ ਪਾਈਪਾਂ ਵੀ ਪਾਈਆਂ ਹੋਈਆਂ ਹਨ। ਟੀ-ਟਾਈਪ ਦੀ ਇਸ ਜੇਲ੍ਹ ਦੀ ਉੱਚੀ ਛੱਤ ਹੈ ਤੇ ਇਸ ਦਾ ਫਰਸ਼ ਲੱਕੜ ਦਾ ਹੈ, ਤਾਂ ਕਿ ਕੈਦੀ ਦੀ ਕਿਸੇ ਵੀ ਗਤੀਵਿਧੀ ਦੀ ਆਵਾਜ਼ ਜੇਲ੍ਹ ਅਧਿਕਾਰੀਆਂ ਨੂੰ ਸੌਖਿਆਂ ਹੀ ਸੁਣਾਈ ਦੇ ਸਕੇ। ਪੱਥਰ ਤੇ ਮਿੱਟੀ ਪੀਹਣ ਦਾ ਯੰਤਰ ਵੀ ਇਸ ਜੇਲ੍ਹ 'ਚ ਰੱਖਿਆ ਹੋਇਆ ਹੈ ਜੋ ਕਿ 19ਵੀਂ ਸਦੀ ਵਿੱਚ ਇਮਾਰਤਾਂ ਬਣਾਉਣ ਲਈ ਵਰਤਿਆ ਜਾਂਦਾ ਸੀ, ਜੀਹਦੇ ਵਿੱਚ ਡਗਸ਼ਈ ਜੇਲ੍ਹ ਵੀ ਸ਼ਾਮਿਲ ਹੈ। ਇਸ ਯੰਤਰ ਨੂੰ 'ਕਲੇਅ ਮੌਰਟਰ ਗਰਾਇੰਡਰ' ਕਿਹਾ ਜਾਂਦਾ ਹੈ। ਜੇਲ੍ਹ ਦੇ ਮੁੱਖ ਗੇਟ ਦੇ ਉੱਤੇ ਸੱਜੇ ਪਾਸੇ ਇੱਕ ਘੰਟੀ ਬੰਨੀ ਹੋਈ ਹੈ, ਜਿਸਨੂੰ 'ਬੈੱਲ ਆਫ ਐਗਜੀਕਿਊਸਨ' ਕਿਹਾ ਜਾਂਦਾ ਹੈ। ਇਸ ਤੋਂ ਭਾਵ ਜਦੋਂ ਕਿਸੇ ਕੈਦੀ ਨੂੰ ਫਾਂਸੀ ਲੱਗਣ ਦਾ ਸਮਾਂ ਮੁਕੱਰਰ ਹੁੰਦਾ ਸੀ, ਤਾਂ ਬਾਹਰੋਂ ਇਹ ਘੰਟੀ ਵੱਜਦੀ ਸੀ, ਜਿਸਦੀ ਆਵਾਜ ਅੰਦਰ ਪਹੁੰਚਦੀ ਸੀ ਤੇ ਉਸ ਕੈਦੀ ਨੂੰ ਫਾਂਸੀ ਲਗਾ ਦਿੱਤੀ ਜਾਂਦਾ ਸੀ।

ਮਹਾਤਮਾ ਗਾਂਧੀ ਦੀ ਹੱਤਿਆ ਤੋਂ ਤੁਰੰਤ ਬਾਅਦ ਨੱਥੂਰਾਮ ਗੋਡਸੇ ਨੂੰ ਟਰਾਇਲ ਲਈ ਪੰਜਾਬ ਹਾਈ ਕੋਰਟ, ਪਿੱਟਰਹਾਫ, ਸ਼ਿਮਲਾ ਲਜਾਇਆ ਗਿਆ। ਇਸ ਜੇਲ੍ਹ ਦੀ ਉਹ ਛੇ ਨੰਬਰ ਬੈਰਕ ਅੱਜ ਵੀ ਮੌਜੂਦ ਹੈ, ਜਿੱਥੇ ਪੁਲਿਸ ਦੀ ਹਿਰਾਸਤ ਵਿੱਚ ਸ਼ਿਮਲੇ ਲਿਜਾਂਦੇ ਸਮੇਂ ਪੁਲਿਸ ਅਧਿਕਾਰੀਆਂ ਨੇ ਨੱਥੂ ਰਾਮ ਗੋੜਸੇ ਨੂੰ ਇੱਕ ਰਾਤ ਲਈ ਰੱਖਿਆ ਸੀ। ਇਸ ਜੇਲ੍ਹ ਨੂੰ ਵੇਖਣ ਦਾ ਸਮਾਂ ਸਵੇਰੇ 9 ਤੋਂ 12:30 ਵਜੇ ਅਤੇ ਸ਼ਾਮੀ 4 ਤੋਂ 6 ਵਜੇ ਤੱਕ ਹੈ, ਜਦਕਿ ਸੋਮਵਾਰ ਨੂੰ ਛੁੱਟੀ ਹੁੰਦੀ ਹੈ। ਡਗਸ਼ਈ ਸੈਂਟਰਲ ਜੇਲ੍ਹ ਦੇ ਬਿਲਕੁਲ ਨਾਲ ਹੀ ਡਗਸ਼ਈ ਹੈਰੀਟੇਜ਼ ਮਿਊਜ਼ੀਅਮ ਹੈ। ਇੱਥੇ ਉਸ ਸਮੇਂ ਦੇ ਕੈਦੀਆਂ ਦੀ ਪੂਰੀ ਵਿਸਥਾਰਤ ਜਾਣਕਾਰੀ ਦਿੱਤੀ ਹੋਈ ਹੈ। ਅੰਗਰੇਜ ਅਫਸਰਾਂ ਦੀਆਂ ਤਸਵੀਰਾਂ ਤੇ ਜੇਲ੍ਹ ਦਾ ਵੱਡਾ ਨਕਸ਼ਾ ਬਣਿਆ ਹੋਇਆ ਹੈ।

ਡਗਸ਼ਈ ਤੋਂ ਵਾਪਸ ਆਉਂਦਿਆਂ ਰਸਤੇ ਵਿੱਚ ਸੂਰਜ ਛਿਪਣ ਦਾ ਲਾਈਵ ਨਜ਼ਾਰਾ ਜ਼ਿੰਦਗੀ 'ਚ ਪਹਿਲੀ ਵਾਰ ਦੇਖਿਆ, ਜੋ ਕਿ ਨਾ ਭੁੱਲਣਯੋਗ ਹੋ ਨਿਬੜਿਆ। ਹੁਣ ਭੁੱਖ ਲੱਗ ਚੁੱਕੀ ਸੀ ਤੇ ਸੜਕ 'ਤੇ ਢਾਬੇ ਦੀ ਭਾਲ ਕਰਦਿਆਂ ਹੋਟਲ ਵਾਲਾ ਕਮਰਾ ਵੀ ਲੰਘ ਗਿਆ ਪਰ ਕੋਈ ਢਾਬਾ ਨਜ਼ਰ ਨਾ ਪਿਆ। ਫੇਰ 10 ਕਿਲੋਮੀਟਰ ਅੱਗੇ ਜਾ ਕੇ ਸੋਲਨ ਦੇ ਇੱਕ ਰੈਸਤਰਾਂ 'ਚ ਰਾਤ ਦਾ ਖਾਣਾ ਖਾਧਾ ਤੇ ਉੱਥੇ ਕੁਝ ਸਮਾਂ ਘੁੰਮਣ ਉਪਰੰਤ ਵਾਪਸ ਕਮਰੇ 'ਚ ਆ ਕੇ ਗਏ। ਅਸੀਂ ਆਪਣਾ ਭੋਂਪੂ ਨਾਲ ਲੈ ਕੇ ਗਏ ਸਾਂ। ਕਮਰੇ ਵਿੱਚ ਗਾਣੇ ਲਾ ਕੇ ਕਿੰਨੇ ਦੇਰ ਤੱਕ ਮਸਤੀ ਕਰਦਿਆਂ ਥੱਕ ਕੇ ਸੌਂ ਗਏ। ਦੂਜੀ ਸਵੇਰ ਵਾਪਸ ਜਾਂਦਿਆਂ ਬੜੋਗ ਹਾਈਟਸ ਰੁਕਣਾ ਸੀ। ਇੱਕ ਵਾਰੀ ਤਿੰਨ ਚਾਰ ਸਾਲ ਪਹਿਲਾਂ ਵੀ ਏਦਾਂ ਦਾ ਇੱਕ ਛੋਟਾ ਟਰਿਪ ਕੀਤਾ ਸੀ, ਓਦੋਂ ਚੈਲ ਰਾਤ ਰੁਕੇ ਸੀ। ਉਸ ਸਮੇਂ ਵੀ ਗਗਨ ਨੇ ਕਿਹਾ ਸੀ ਕਿ ਰਸਤੇ 'ਚ ਬੜੋਗ ਹਾਈਟਸ ਹੈ ਬਹੁਤ ਜਿਆਦਾ ਉਚਾਈ ਉੱਤੇ, ਉੱਥੇ ਜਰੂਰ ਜਾ ਕੇ ਆਇਓ। ਅਸੀਂ ਲੰਘੇ ਵੀ ਸੀ ਉਥੋਂ, ਪਰ ਗਗਨ ਵੱਲੋਂ ਚੜ੍ਹਾਈ ਸ਼ਬਦ 'ਤੇ ਵਿਸੇਸ਼ ਜੋਰ ਦਿੱਤਾ ਗਿਆ ਸੀ, ਇਸ ਲਈ ਅਸੀਂ ਉਦੋਂ ਸਕਿੱਪ ਕਰ ਗਏ ਸੀ। ਇਸ ਵਾਰ ਵਾਪਸੀ 'ਤੇ ਸੜਕ ਉੱਤੇ ਬੜੋਗ ਹਾਈਟਸ ਦਾ ਬੋਰਡ ਨਜ਼ਰੀ ਪਿਆ ਤਾਂ ਸਾਈਡ 'ਤੇ ਗੱਡੀ ਰੋਕ ਲਈ। ਅਸੀਂ ਚਾਰ ਜਣੇ ਪੈਦਲ ਹੀ ਚੜ੍ਹਾਈ ਚੜ੍ਹਨ ਲੱਗ ਪਏ ਕਿ ਚਲੋ ਜਿੱਥੋਂ ਥੱਕ ਗਏ ਵਾਪਸ ਮੁੜ ਆਵਾਂਗੇ। ਪਰ ਅੱਠ ਦਸ ਮਿੰਟਾਂ ਬਾਅਦ ਹੀ ਸਾਹਮਣੇ ਬੜੋਗ ਹਾਈਟਸ ਆ ਗਿਆ। ਕਹਿਣ ਤੋਂ ਭਾਵ ਕਿ ਚੜ੍ਹਾਈ ਬਿਲਕੁਲ ਵੀ ਜਿਆਦਾ ਨਹੀਂ ਸੀ। ਅਸੀਂ ਸਾਰੇ ਉਥੋਂ ਹੀ ਵਾਪਸ ਚੜ੍ਹਾਈ ਉਤਰ ਆਏ ਤੇ ਦੁਬਾਰਾ ਚਾਰੇ ਜਣੇ ਗੱਡੀ 'ਚ ਤਾਂਹ ਗਏ। ਉਹ ਬਹੁਤ ਸੋਹਣਾ ਹੋਟਲ ਹੈ। ਉੱਥੇ ਵੀ ਦੇਰ ਰਾਤ ਤੱਕ ਨਵੇਂ ਸਾਲ ਦੇ ਜਸ਼ਨ ਚੱਲੇ ਹੋਣਗੇ ਕਿਉਂਕਿ ਸਾਰੇ ਮੇਜ਼ਾਂ ਉੱਪਰ ਖਾਲੀ ਬੋਤਲਾਂ, ਥਾਲੀਆਂ ਤੇ ਗਲਾਸ ਇਧਰ ਉਧਰ ਖਿੱਲਰੇ ਪਏ ਸਨ। ਉੱਥੇ ਕੁਝ ਦੇਰ ਫੋਟੋਆਂ ਖਿੱਚਣ ਤੋਂ ਬਾਅਦ ਅਸੀਂ ਵਾਪਸ ਆਉਣ ਦੀ ਬਜਾਏ ਉਸ ਤੋਂ ਵੀ ਉੱਪਰ ਵੱਲ ਛੋਟੇ ਜਿਹੇ ਕੱਚੇ ਪਹੇ 'ਤੇ ਗੱਡੀ ਪਾ ਦਿੱਤੀ। ਰਸਤਾ ਸਿਰਫ ਕਾਰ ਜੋਗਾ ਪੂਰਾ ਪੂਰਾ ਹੀ ਸੀ। ਪਹੇ ਦੇ ਇੱਕ ਪਾਸੇ ਖੇਤ ਤੇ ਦੂਜੇ ਪਾਸੇ ਖਤਾਨ ਜਾਂ ਛੋਟੀਆਂ ਖਾਈਆਂ ਕਹਿ ਸਕਦੇ ਹਾਂ। ਬੱਚੇ ਤਾਂ ਡਰ ਕੇ ਕਾਰ ਵਾਪਸ ਮੋੜਨ ਦੀ ਜਿੱਦ ਕਰਨ ਲੱਗ ਗਏ ਪਰ ਮੈਨੂੰ ਹੋਰ ਅੱਗੇ ਜਾਣ ਦਾ ਚਾਅ ਸੀ। ਕੁਝ ਹੋਰ ਅੱਗੇ ਜਾ ਕੇ ਦੇਖਿਆ ਕਿ ਪਹਾੜੀ ਪਿੰਡਾਂ ਵਿਚਲੇ ਫਾਰਮ ਹਾਊਸ, ਖੇਤੀਬਾੜੀ ਕਰਨ ਵਾਲੇ ਕਿਸਾਨਾਂ ਦੇ ਵੱਡੇ-ਛੋਟੇ ਘਰ ਤੇ ਪਹਾੜੀ ਸਬਜੀਆਂ ਦੇ ਕਿਆਰੀ ਨੁਮਾ ਖੇਤ ਦੇਖ ਕੇ ਮਨ ਬਾਗੋ ਬਾਗ ਹੋ ਗਿਆ। ਪਹਿਲੀ ਜਨਵਰੀ ਮੌਕੇ ਕੜਾਕੇ ਦੀ ਠੰਡ ਵਿੱਚ ਸਿਆਲ ਦੀ ਨਿੱਘੀ-ਨਿੱਘੀ ਧੁੱਪ, ਭਲਾ ਬੰਦੇ ਨੂੰ ਹੋਰ ਕੀ ਚਾਹੀਦਾ। ਉਥੇ ਗੱਡੀ ਖੜ੍ਹਾ ਕੇ ਹੋਰ ਦੂਰ ਤੱਕ ਪੈਦਲ ਖੇਤਾਂ 'ਚ ਘੁੰਮੇ, ਫੋਟੋਆਂ ਖਿੱਚੀਆਂ। ਇਧਰ ਖੇਤਾਂ 'ਚ ਫ਼ਸਲਾਂ ਲਹਿਰਾ ਰਹੀਆਂ ਸਨ ਤੇ ਉਧਰ ਛੋਟੀਆਂ ਗੱਡੀਆਂ 'ਚ ਸਬਜੀਆਂ ਤੇ ਫਲ ਲੋਡ ਕੀਤੇ ਜਾ ਰਹੇ ਸਨ।

ਵਾਪਸੀ 'ਤੇ ਕਸੌਲੀ ਚਲੇ ਗਏ, ਜਿੱਥੇ ਨਵੇਂ ਸਾਲ ਮੌਕੇ ਸੈਲਾਨੀਆਂ ਦੀ ਆਮਦ ਹੋ ਰਹੀ ਸੀ। ਉੱਥੇ ਕੁਝ ਦੇਰ ਹੈਰੀਟੇਜ਼ ਮਾਰਕੀਟ ਘੁੰਮੇ, ਚਰਚ ਦੇਖੀ ਤੇ ਦੁਪਹਿਰ ਦਾ ਖਾਣਾ ਖਾ ਕੇ ਸਰਹਿੰਦ ਲਈ ਵਾਪਸੀ ਕਰ ਦਿੱਤੀ।

# ਪ੍ਰੀਤ ਫੁਲਵਾੜੀ

## ਜਖ਼ਮ ਦਿਲ ਦੇ

ਉਥੋਂ ਕੋਈ ਮੁੜ ਨਹੀਂ ਆਇਆ,
ਜਿੱਥੇ ਤੂੰ ਏ ਤੁਰਗੀ ਮਾਏ,
ਤੂੰ ਨਾਲ ਸੀ ਮੈਂ ਪੱਥਰ ਵਰਗੀ,
ਕੱਚੇ ਘੜੇ ਵਾਂਗ ਖੁਰਗੀ ਮਾਏ,
ਕੋਈ ਨਾ ਗਲ ਨਾਲ ਲਾਉਂਦਾ,
ਪੁੱਗ ਸਾਡੀ ਕੋਈ ਹਿੰਡ ਨਹੀਂ ਜਾਂਦੀ,
ਜਖਮ ਦਿਲ ਦੇ ਉੱਚੜ ਜਾਂਦੇ,
ਮਾਂ ਡਰਦੀ ਹੁਣ ਪਿੰਡ ਨਹੀਂ ਜਾਂਦੀ,

ਕਿਵੇਂ ਭੁਲਾਵਾਂ ਦੱਸ ਅੰਮੀਏ,
ਮਾੜੇ ਹਲਾਤਾਂ ਨਾਲ ਲੜਦੀ ਰਹੀ,
ਦੁੱਖ ਨੇੜੇ ਹੋਣ ਨਾ ਦਿੱਤੇ,
ਮੂਹਰੇ ਹੋ ਹੋ ਖੜਦੀ ਰਹੀ,
ਫਾਨੇ ਵਾਂਗ ਹੀ ਅੜਕੇ ਬਹਿਗੀ,
ਯਾਦ ਤੇਰੀ ਦਿਲੋਂ ਬਿੰਦ ਨਹੀਂ ਜਾਂਦੀ,
ਜਖਮ ਦਿਲ ਦੇ ਉੱਚੜ ਜਾਂਦੇ,
ਮਾਂ ਡਰਦੀ ਹੁਣ ਪਿੰਡ ਨਹੀਂ ਜਾਂਦੀ,

ਬਦਲ ਗਏ ਖ਼ੂਨ ਵਾਲੇ ਰਿਸ਼ਤੇ,
ਵੀਰੇ ਵੀ ਹੁਣ ਮੂੰਹ ਨਹੀਂ ਲਾਉਂਦੇ,
ਮੱਖਣਾਂ ਸੰਧਾਰੇ ਮੈਂ ਕੀ ਕਰਨੇ ਨੇ,
ਉਹਤਾਂ ਮਿਲਣ ਹੁਣ ਊ ਨਹੀ ਆਉਂਦੇ,
ਸ਼ੇਰੋਂ ਪਿੰਡ ਦਾ ਕਿਤੇ ਜਿਕਰ ਵੀ ਹੋਵੇ,
ਸੋਚ ਸੋਚ ਅੱਖ ਭਿੱਜਦੀ ਜਾਂਦੀ,
ਜਖਮ ਦਿਲ ਦੇ ਉੱਚੜ ਜਾਂਦੇ,
ਮਾਂ ਡਰਦੀ ਹੁਣ ਪਿੰਡ ਨਹੀਂ ਜਾਂਦੀ,

ਉਡੀਕਾਂ ਨਿੱਤ ਉਹੀ ਵੇਲੇ,,
ਤੇਰਾ ਆਉਂਦਾ ਨਾ ਫੋਨ ਨੀ ਮਾਂ,
ਹਾਸੇ ਠੱਠੇ ਦੱਬ ਗਏ ਸਾਰੇ,
ਪੱਲੇ ਪਿਆ ਰੋਣ ਨੀ ਮਾਂ,,
ਤੇਰੀ ਵੇਖਾਂ ਤਸਵੀਰ ਵੱਲ ਨੂੰ,
ਮੈਂ ਸਾਰੀ ਖਿੰਡ ਹੀ ਜਾਂਦੀ,,
ਜਖਮ ਦਿਲ ਦੇ ਉੱਚੜ ਜਾਂਦੇ,
ਮਾਂ ਡਰਦੀ ਹੁਣ ਪਿੰਡ ਨਹੀਂ ਜਾਂਦੀ,

ਸਾਂਭੀ ਬੈਠੀ ਤੇਰੀਆਂ ਨਿਸ਼ਾਨੀਆਂ,
ਨਾਲੇ ਸਾਂਭਿਆ ਸਭ ਯਾਦਾਂ ਨੂੰ,
ਮੈਂ ਤੈਨੂੰ ਮੰਗਾਂ ਰੱਬ ਕੋਲੋਂ ਹਰ ਪਲ,
ਉਹ ਸੁਣਦਾ ਨਾ ਫਰਿਆਦਾਂ ਨੂੰ,
ਗਿੱਲੇ ਗੋਹੇ ਵਾਂਗ ਧੁੱਖਦੀ ਰਹਿਣਾ,
ਜਦ ਤੱਕ ਨਿਕਲੇ ਜਿੰਦ ਨੀ ਜਾਂਦੀ,
ਜਖਮ ਦਿਲ ਦੇ ਉੱਚੜ ਜਾਂਦੇ,
ਮਾਂ ਡਰਦੀ ਹੁਣ ਪਿੰਡ ਨਹੀਂ ਜਾਂਦੀ,

**ਮੱਖਣ ਸੇਰੋਂ ਵਾਲਾ**
**ਸੰਪਰਕ** 98787-98726

## ਘੁਮੰਡ

ਮਾਣ ਕਿਸੇ ਨੂੰ ਜ਼ਾਤ ਉੱਚੀ ਤੇ,
ਕਿਸੇ ਨੂੰ ਖ਼ੂਬ ਅਮੀਰੀ ਤੇ।
ਰੂਪ-ਰੰਗ ਤੇ ਮਾਣ ਕਿਸੇ ਨੂੰ,
ਕੋਈ ਹੈ ਮਸਤ ਫ਼ਕੀਰੀ ਤੇ।
ਪੜ੍ਹ-ਲਿਖ ਉੱਚਾ ਉੱਡੇ ਕੋਈ,
ਕੁਰਸੀ ਦਾ ਹੰਕਾਰੀ ਏ।
ਕੰਮ ਕਿਸੇ ਨਾ ਆਖ਼ਰ ਆਉਣਾ,
ਨਾਮ ਸੱਚਾ ਨਿਰੰਕਾਰੀ ਏ।
ਆਪਣੀ ਫ਼ੂੰ-ਫ਼ਾਂ ਦੇ ਵਿੱਚ ਰਹਿੰਦਾ,
ਕਹਿੰਦੇ ਲੋਕ ਘੁਮੰਡੀ ਨੇ।
ਐਸੇ ਲੋਕਾਂ ਦੀ ਪਿੱਠ ਪਿੱਛੇ,
ਲੋਕੀਂ ਕਰਦੇ ਭੰਡੀ ਨੇ।
ਸੱਚੀ ਦਰਗਾਹ ਦੇ ਵਿੱਚ ਜਾ ਕੇ,
ਚੱਲੇ ਕੋਈ ਪੈਸਾ ਨਾ।
ਓਥੇ ਸੱਚੋ-ਸੱਚ ਨਿਬੇੜਾ,
ਬੰਦਾ ਐਸਾ-ਵੈਸਾ ਨਾ।
ਗਰਬ-ਗ਼ੁਮਾਨ ਨੂੰ ਮਨ 'ਚੋਂ ਕੱਢੀਏ,
ਨੀਵਾਂਪਣ ਅਪਣਾ ਲਈਏ।
ਹਉਮੈ, ਖ਼ੁਦੀ ਤੇ ਨਿੰਦਾ ਛੱਡ ਕੇ,
ਦਿਲਾਂ 'ਚ ਥਾਂ ਬਣਾ ਲਈਏ।
ਦੁਨੀਆਂ ਤਾਂ ਹੀ ਯਾਦ ਕਰੇਗੀ,
ਛੱਡ ਦੇਈਏ ਅਭਿਮਾਨ ਅਸੀਂ।
ਆਕੜ, ਰੋਅਬ ਨੂੰ ਤਜੀਏ,
ਚੰਗੇ ਬਣ ਜਾਈਏ ਇਨਸਾਨ ਅਸੀਂ।

**ਪ੍ਰੋ. ਨਵ ਸੰਗੀਤ ਸਿੰਘ** 9417692015

## ਸ਼ਹੀਦ ਊਧਮ ਸਿੰਘ ਜੀ

**(31 ਜੁਲਾਈ ਲਈ ਵਿਸ਼ੇਸ਼)**

ਤੇਰਾਂ ਅਪਰੈਲ ਸੰਨ 1919, ਜਨਰਲ ਡਾਇਰ ਨੇ ਕਮਾਇਆ ਕਹਿਰ ਸੀ।
ਬੇਦੋਸ਼ਿਆਂ ਨੂੰ ਗੋਲੀਆਂ ਦੇ ਨਾਲ ਭੁੰਨ ਕੇ,
ਲਾਲ ਰੱਤੇ ਖ਼ੂਨ ਦੀ ਵਗਾਤੀ ਨਹਿਰ ਸੀ।
ਧਾਹ ਕੇ ਜੋ ਵੈਰੀ ਹੈ ਪੰਜਾਬ ਤੇ ਆਉਂਦਾ,
ਪੰਜਾਬੀਆਂ ਨੇ ਚੰਗੀ ਤਰ੍ਹਾਂ ਭੋਰੇ ਸਿੰਗ ਨੇ।
ਚਾੜ ਕੇ ਫਰੰਗੀ ਮੌਤ ਵਾਲੀ ਗੱਡੀ ਤੇ, ਲੈ ਲਿਆ ਸੀ ਬਦਲਾ ਊਧਮ ਸਿੰਘ ਨੇ।

1 ਨਿਆਣੀ ਸੀ ਉਮਰ ਸਾਕਾ ਵੱਡਾ ਵੇਖ ਲਿਆ, ਦਿਲ ਉੱਤੇ ਬਹੁਤ ਡੂੰਘੀ ਲੱਗੀ ਸੱਟ ਸੀ।
ਅੱਖਾਂ ਮੂਹਰੇ ਲਾਸ਼ਾਂ ਦੇ ਸੀ ਢੇਰ ਲੱਗ ਗਏ,
ਵੇਖ ਕੋਲੇ ਵਾਂਗੂ ਗਿਆ ਸੀ ਕਲੇਜਾ ਮੱਚ ਜੀ।
ਪਲਾਂ ਵਿੱਚ ਸਾਰਾ ਕੁਝ ਢੇਰੀ ਹੋ ਗਿਆ,
ਤੀਲੀਆਂ ਦੇ ਵਾਂਗੂ ਗਏ ਸਰੀਰ ਖਿੰਡ ਨੇ - - -
ਚਾੜ ਕੇ ਫਰੰਗੀ ਮੌਤ ਵਾਲੀ - - - -

2 ਸੀਨੇ ਵਿੱਚ ਲੈ ਕੇ ਉਹ ਦਰਦ ਤੁਰਿਆ,
ਸੂਰਮਾ ਨਹੀਂ ਸੀ ਫੇਰ ਪਿੱਛੇ ਮੁੜਿਆ।
ਲੱਗਿਆ ਸੀ ਕਰਨ ਵਿਉਂਤ ਬੰਦੀਆਂ, ਦੂਰ ਸੀ ਮੰਜ਼ਲ ਵਾਟਾਂ ਬਹੁਤ ਲੰਬੀਆਂ।
ਦਿਨ ਰਾਤ ਇਹੀ ਸੀ ਸੋਚਣ ਲੱਗਿਆ,
ਹੰਕਾਰੀਆਂ ਦੇ ਕੱਢਣੇ ਮੈਂ ਵਲ ਵਿੰਗ ਨੇ - - -
ਚਾੜ ਕੇ ਫਰੰਗੀ ਮੌਤ ਵਾਲੀ ਗੱਡੀ - - -

3 ਕਰ ਲੀ ਤਿਆਰੀ ਸੀ ਲੰਡਨ ਜਾਣ ਦੀ,
ਉਠਿਆ ਤੂਫਾਨ ਫੇਰ ਨਹੀਂ ਰੁਕਿਆ।
ਦਿਲ ਵਿੱਚ ਖੌਫ ਨਹੀਂ ਸੀ ਕਿਸੇ ਗੱਲ ਦਾ,
ਵੈਰੀਆਂ ਦੀ ਹਿੱਕ ਉੱਤੇ ਜਾ ਕੇ ਬੁੱਕਿਆ।
ਦੇਸ਼ ਲਈ ਵਹਾਗੇ ਜਿਹੜੇ ਖ਼ੂਨ ਆਪਣਾ, ਦੇਸ਼ ਵਾਸੀਆਂ ਦੇ ਲਈ ਉਹੋ ਬਣੇ ਕਿੰਗ ਨੇ - - -
ਚਾੜ ਕੇ ਫਰੰਗੀ - - -

4 ਯੋਧਿਆਂ ਚੋਂ ਯੋਧਾ ਸੂਰਬੀਰ ਨਿਕਲਿਆ,
ਵੈਰੀ ਉੱਤੇ ਜਾ ਕੇ ਜਿਹੜਾ ਭਾਰਾ ਪੈ ਗਿਆ।
ਹੋ ਗਿਆ ਸੀ ਹਾਲ ਖਾਲੀ ਸਾਰੇ ਭੱਜ ਗਏ,
ਚਾਰੇ ਪਾਸੇ ਚੀਕ ਚਿਹਾੜਾ ਪੈ ਗਿਆ।
ਦੱਦਾਹੂਰੀਆ ਹੈ ਉਹਦੇ ਅੱਗੇ ਸਿਰ ਝੁਕਦਾ,
ਵਾਰ ਦਿੱਤੀ ਜਿੰਦਗਾਨੀ ਕੱਲੀ ਜਿੰਦ ਨੇ - - - - - - ਚਾੜ ਕੇ ਫਰੰਗੀ - - - -

**ਜਸਵੀਰ ਸ਼ਰਮਾ ਦੱਦਾਹੂਰ**
95691-49556

## ਕਵਿਤਾ

ਪੁੱਤਾਂ ਨਾਲੋਂ ਪਹਿਲਾਂ ਆਵਣ ਧੀਆਂ,
ਮਾਵਾਂ ਨੂੰ ਦੇਖ ਮੁਸਕਾਵਣ ਧੀਆਂ।
ਹਰ ਕੰਮ 'ਚ ਉਨ੍ਹਾਂ ਦਾ ਹੱਥ ਵਟਾ ਕੇ,
ਮਾਪਿਆਂ ਦੇ ਦਿਲਾਂ ਤੇ ਛਾਵਣ ਧੀਆਂ।
ਪਿੱਪਲਾਂ ਥੱਲੇ ਰੌਣਕ ਲੱਗ ਜਾਵੇ,
ਜਦ ਪੀਂਘਾਂ ਚੜ੍ਹਾਵਣ ਧੀਆਂ।
ਵੀਰਾਂ ਦੇ ਗੁੱਟਾਂ ਤੇ ਬਿਨਾਂ ਲਾਲਚ ਤੋਂ,
ਸੋਹਣੀਆਂ ਰੱਖੜੀਆਂ ਸਜਾਵਣ ਧੀਆਂ।
ਪੁੱਤਾਂ ਨਾਲੋਂ ਵੱਧ ਪੜ੍ਹ , ਲਿਖ ਕੇ,
ਉਨ੍ਹਾਂ ਨੂੰ ਰਾਹ ਦਰਸਾਵਣ ਧੀਆਂ।
ਚੰਗੇ, ਚੰਗੇ ਅਹੁਦਿਆਂ ਤੇ ਲੱਗ ਕੇ,
ਆਪਣੇ ਫਰਜ਼ ਨਿਭਾਵਣ ਧੀਆਂ।
ਸਜੇ ਹੋਏ ਪੇਕੇ ਘਰ ਨੂੰ ਛੱਡ ਕੇ,
ਸਹੁਰਾ ਘਰ ਸਜਾਵਣ ਧੀਆਂ।
ਪੇਕੇ ਘਰ ਜੇ ਕੋਈ ਦੁਖੀ ਹੋਵੇ,
ਪੇਕੇ ਘਰ ਝੱਟ ਆਵਣ ਧੀਆਂ।
ਪੁੱਤ ਵੰਡਾਵਣ ਖੇਤ ਤੇ ਦੌਲਤ,
ਪਰ ਦੁੱਖਾਂ ਨੂੰ ਵੰਡਾਵਣ ਧੀਆਂ।

**ਮਹਿੰਦਰ ਸਿੰਘ ਮਾਨ**
**ਨਵਾਂ ਸ਼ਹਿਰ**-9915803554

## ਪੀਂਘਾਂ

ਕੋਈ ਸਮਾਂ ਸੀ ਸਉਣ ਮਹੀਨੇ, ਪੀਂਘਾਂ ਝੂਟਣ ਕੁੜੀਆਂ।
ਹੱਸਣ, ਖੇਡਣ, ਦਿਲ ਦੀਆਂ ਗੱਲਾਂ ਬੈਠ ਸੁਣਾਵਣ ਜੁੜੀਆਂ।

ਛਾਈ ਘਟਾ ਘਨਘੋਰ ਅਕਾਸ਼ੀਂ, ਪੀਂਘਾਂ ਲੈਣ ਹੁਲਾਰੇ।
ਨਣਦਾਂ, ਭਾਬੀਆਂ 'ਕੱਠੀਆਂ ਹੋ ਕੇ, ਲੈਂਦੀਆਂ ਖ਼ੂਬ ਨਜ਼ਾਰੇ।

ਆਇਆ ਯੁਗ ਤਕਨਾਲੋਜੀ ਦਾ ਤੇ, ਪੀਂਘ ਮਨਾਂ 'ਚੋਂ ਭੁੱਲੀ।
ਵਿਰਸਾ ਵਿੱਸਰਿਆ ਹੁਣ ਫ਼ ?ਕਰਾਂ ਵਿੱਚ,
ਕੁੱਲੀ-ਗੁੱਲੀ-ਜੁੱਲੀ।

ਚਰਖੇ, ਤ੍ਰਿੰਞਣ ਗੁੰਮ ਹੋ ਗਏ, ਨਾ ਹੁਣ ਪੀਂਘਾਂ ਪਿੱਪਲੀਂ।
ਬਾਂਦਰ ਕਿੱਲਾ, ਗੁੱਲੀ ਡੰਡਾ, ਕਿਤੇ ਨਾ ਪੈਂਦੀ ਕਿੱਕਲੀ।

ਹੁਣ ਤਾਂ ਡੀਜੇ ਉੱਤੇ ਨਾਰੀ, ਤੇਜ਼-ਤੱਰਾਰੀਂ ਨੱਚੇ।
ਲੱਗਦੈ ਪੱਪਾ ਪੀਂਘ ਪੜ੍ਹਨਗੇ, ਵਿੱਚ ਸਕੂਲੀਂ ਬੱਚੇ।

ਆਓ ਸਾਰੇ ਮਿਲਜੁਲ ਆਪਣਾ, ਵਿਰਸਾ ਮੋੜ ਲਿਆਈਏ।
ਰੁੱਖਾਂ ਦੀ ਰਖਵਾਲੀ ਕਰੀਏ, ਪਿੱਪਲੀਂ ਪੀਂਘਾਂ ਪਾਈਏ।

**ਪ੍ਰੋ. ਨਵ ਸੰਗੀਤ ਸਿੰਘ**
(9417692015)

## ਮਹਿਕ ਸਾਉਣ ਦੀ

ਸਾਉਣ ਮਹੀਨਾ ਦਿਨ ਖੁਸ਼ੀਆਂ ਦਾ
ਮਾਹੀ, ਵੀਰਾ ਤੇ ਸਖੀਆਂ ਦਾ
ਇਹ ਮੌਕਾ ਖੁੰਝ ਨਾ ਜਾਵੇ
ਪੀਪਾ ਵੀ ਜਲਦੀ ਆਵੇ ਨੀ
ਜਦ ਵੀਰ ਸੰਧਾਰਾ ਲਿਆਵੇ ਨੀ ।

ਘਟਾ ਕਾਲੀਆਂ ਅੰਬਰੀ ਛਾਈਆਂ
ਰਿਮ ਝਿਮ ਰਿਮ ਝਿਮ ਕਣੀਆਂ ਆਈਆਂ
ਰਲ ਮਿਲ ਕੁੜੀਆਂ ਤੀਆਂ ਲਾਈਆਂ
ਭਾਬੋ ਕਿਉਂ ਪਿੱਛੇ ਰਹਿੰਦੀ
ਨਿੰਮ ਦੇ ਟਾਹਣੇ ਤੇ ਪੀਘ ਹੁਲਾਰੇ ਲੈਂਦੀ

ਨੂੰਹਾਂ ਸਜਣ ਫਵਣ ਵਿੱਚ ਰੁੱਝੀਆਂ
ਕਰਨ ਸਰਾਰਤ ਉਮਰੋ ਗੁੱਝੀਆ
ਭੂਆ ਕਿਉ ਰੁੱਸ-ਰੁੱਸ ਬਹਿੰਦੀ
ਜ਼ਿੰਦਗੀ ਦੀਆ ਮੌਜਾ ਮਾਣੀਏ
ਇਹ ਉਮਰ ਸਦਾ ਨਹੀਂ ਰਿਹਣੀ

ਖੀਰ ਪੂੜੇ ਨਾਲੇ ਤਲਣ ਪਕੌੜੇ
ਕੱਲੀ ਮਾਂ ਚੌਕੇ ਬੈਠੀ ਝੂਰੇ
ਭੁੱਖ ਲੱਗੀ ਬਾਪੂ ਪਿਆ ਘੂਰੇ
ਨਾ ਰਤਾ, ਸਮਝ ਕਿਸੇ ਨੂੰ ਪੈਂਦੀ
ਸੱਚੀਆਂ ਗੱਲਾਂ ਨੇ, ਰੌਣਕ ਚੰਗੀ ਰਹਿੰਦੀ

ਧਾਲੀਵਾਲ ਇਹ ਰੰਗ ਪੰਜਾਬ ਦੇ
ਇਨਾਂ ਵਾਜ ਨਾ ਪੂਰੀ ਪੈਂਦੀ
ਰਹਿੰਦੇ ਭਾਵੇਂ ਵਿੱਚ ਕਨੇਡਾ
ਰੂਹ ਪਿੰਡ ਦੀ ਜੂਹ ਵਿੱਚ ਰਹਿੰਦੀ
ਵਿਰਸੇ ਦੇ ਰੰਗ ਮਾਣ ਲਾਓ
ਇਹ ਮਹਿਕ ਸਾਉਣ ਦੀ ਕਹਿੰਦੀ

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**
ਮੋ 78374 90309
**Adv.dhaliwal@gmail.com**

## ਕੁਦਰਤ ਅੱਗੇ ਜੋਰ

ਹੜ੍ਹਾਂ ਕਰਕੇ ਸਥਿਤੀ ਗੰਭੀਰ ਹੋਈ,
ਮੱਚੀ ਹਰ ਪਾਸੇ ਹਾਹਾਕਾਰ 'ਪੱਤੋ'।

ਕਾਲਾ ਬੱਦਲ ਅਸਮਾਨੀਂ ਚੜ੍ਹ ਆਵੇ,
ਫਿਰ ਵਰਸੇ ਮੋਹਲੇਧਾਰ 'ਪੱਤੋ'।

ਪਤਾ ਲੱਗੇ ਨਾ ਰਾਹੀਂ ਲੰਘਦਿਆਂ ਨੂੰ,
ਟੋਏ ਟਿੱਬੇ ਕਰੇ ਇੱਕ ਸਾਰ 'ਪੱਤੋ'।

ਚਾਰ ਚੁਫੇਰੇ ਜਲ ਥਲ ਹੈ ਹੋ ਜਾਂਦੀ,
ਜਿਓਂ ਸਮੁੰਦਰ ਕੰਢਿਓ ਬਾਹਰ 'ਪੱਤੋ'।

ਪਾਣੀ ਕੱਲਾ ਨੀਂ ਇਹ ਮਾਰ ਕਰਦਾ,
ਨਾਲ ਰੋੜ੍ਹ ਲਿਆਵੇ ਗਾਰ 'ਪੱਤੋ'।

ਉਪਜਾਊ ਮਿੱਟੀ ਸਾਰੀ ਖੁਰ ਜ਼ਾਂਦੀ,
ਧਰਤੀ ਹੋ ਜਾਂਦੀ ਬੇਕਾਰ 'ਪੱਤੋ'।

ਲੋਕ ਆਖਣ ਬਹੁਤਾ ਨਾ ਮੇਘ ਚੰਗਾ,
ਤੇ ਨਾ ਸੋਕਾ ਹੋਵੇ ਸਹਾਰ 'ਪੱਤੋ'।

ਕੁਦਰਤ ਮੂਹਰੇ ਕਿਸ ਦਾ ਜ਼ੋਰ ਚੱਲੇ,
ਵੇਖ ਰੰਗ , ਜਾਈਏ ਬਲਿਹਾਰ 'ਪੱਤੋ'।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ( ਮੋਗਾ )**
**ਫੋਨ ਨੰਬਰ** .94658-21417

बैठा देखते हो जहां पर दोस्त मुझे
अक्सर मैं वहीं पर हुं नहीं रहता।
हर आहट पे अब दिल धड़कता है,
स्कून का कोई सफर नहीं रहता।
नज़र से झांकती है तन्हाई ऐसे ,
अब रंगों का असर भी नहीं रहता।
खा रही है ॐशफ़कॐ को कोई फ़िक्र,
आज कल कहीं पर भी नहीं रहता।

**Shimpa S.Johar**

## ਕਵਿਤਾ

ਪੁੱਤਾਂ ਨਾਲੋਂ ਪਹਿਲਾਂ ਆਵਣ ਧੀਆਂ,
ਮਾਵਾਂ ਨੂੰ ਦੇਖ ਮੁਸਕਾਵਣ ਧੀਆਂ।
ਹਰ ਕੰਮ 'ਚ ਉਨ੍ਹਾਂ ਦਾ ਹੱਥ ਵਟਾ ਕੇ,
ਮਾਪਿਆਂ ਦੇ ਦਿਲਾਂ ਤੇ ਛਾਵਣ ਧੀਆਂ।
ਪਿੱਪਲਾਂ ਥੱਲੇ ਰੌਣਕ ਲੱਗ ਜਾਵੇ,
ਜਦ ਪੀਂਘਾਂ ਚੜ੍ਹਾਵਣ ਧੀਆਂ।
ਵੀਰਾਂ ਦੇ ਗੁੱਟਾਂ ਤੇ ਬਿਨਾਂ ਲਾਲਚ ਤੋਂ,
ਸੋਹਣੀਆਂ ਰੱਖੜੀਆਂ ਸਜਾਵਣ ਧੀਆਂ।
ਪੁੱਤਾਂ ਨਾਲੋਂ ਵੱਧ ਪੜ੍ਹ , ਲਿਖ ਕੇ,
ਉਨ੍ਹਾਂ ਨੂੰ ਰਾਹ ਦਰਸਾਵਣ ਧੀਆਂ।
ਚੰਗੇ, ਚੰਗੇ ਅਹੁਦਿਆਂ ਤੇ ਲੱਗ ਕੇ,
ਆਪਣੇ ਫਰਜ਼ ਨਿਭਾਵਣ ਧੀਆਂ।
ਸਜੇ ਹੋਏ ਪੇਕੇ ਘਰ ਨੂੰ ਛੱਡ ਕੇ,
ਸਹੁਰਾ ਘਰ ਸਜਾਵਣ ਧੀਆਂ।
ਪੇਕੇ ਘਰ ਜੇ ਕੋਈ ਦੁਖੀ ਹੋਵੇ,
ਪੇਕੇ ਘਰ ਝੱਟ ਆਵਣ ਧੀਆਂ।
ਪੁੱਤ ਵੰਡਾਵਣ ਖੇਤ ਤੇ ਦੌਲਤ,
ਪਰ ਦੁੱਖਾਂ ਨੂੰ ਵੰਡਾਵਣ ਧੀਆਂ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਨਵਾਂ ਸ਼ਹਿਰ**-9915803554

## ਯਾਦਾਂ ਸੰਗ ਵਕਤ

ਰੱਬਾ ਉਪਰ ਮੁਲਖ਼ ਵਸਾਇਆ ਕਿਹੜਾ
ਜਹਾਨੋਂ ਤੁਰ ਗਏ ਆਖ਼ਰ ਮੁੜਕੇ ਆਉਂਦੇ ਕਿਉਂ ਨੀ

ਰੋ ਰੋ ਅੱਖੀਆਂ ਵਿੱਚੋਂ ਹੰਝੂ ਮੁੱਕ ਗਏ
ਇੱਕ ਵਾਰ ਆਣ ਵਰਾਉਂਦੇ ਕਿਉਂ ਨੀ

ਤਸਵੀਰਾਂ ਤੱਕ ਤੱਕ ਯਾਦਾਂ ਦੇ ਸੰਗ ਵਕ ?ਤ ਲੰਘਾਈਏ
ਐਨੇ ਕਾਹਤੋਂ ਬੇਮੁੱਖ ਹੋ ਗਏ ਇੱਕ ਵਾਰੀ ਸੀਨੇ ਲਾਉਂਦੇ ਕਿਉਂ ਨੀ

ਕੰਧ ਤੇ ਜਿਹੜੇ ਮੂਰਤ ਬਣ ਕੇ ਬਹਿ ਗਏ
ਦੁੱਖ ਸੁੱਖ ਸਾਡੇ ਨਾਲ ਵੰਡਾਉਂਦੇ ਕਿਉਂ ਨੀ

ਦੋ ਬੋਲ ਸੁਣਨ ਲਈ ਕੰਨ ਤਾਂ ਤਰਸੇ ਪਏ ਆ
ਪਤਾ ਨਹੀਂ ਘੁੱਟ ਗਲਵੱਕੜੀ ਪਾਉਂਦੇ ਕਿਉਂ ਨੀ

ਖੌਰੇ ਕਿਹੜੇ ਦਰ ਮੱਲ ਕੇ ਬਹਿ ਗਏ
ਸਾਡੇ ਬੂਹੇ ਪੈਰ ਟਿਕਾਉਂਦੇ ਕਿਉਂ ਨੀ

ਸਾਹਾਂ ਦੇ ਸੰਗ ਸੰਧੂਆਂ ਜਿਹੜੇ ਸ਼ਾਹ ਸੀ ਲੈਂਦੇ
ਹੁਣ ਸਾਹਮਣੇ ਬੈਠ ਬੁਲਾਉਂਦੇ ਕਿਉਂ ਨੀ
ਸਾਹਮਣੇ ਬੈਠ ਬੁਲਾਉਂਦੇ ਕਿਉਂ ਨੀ
ਬੁਲਾਉਂਦੇ ਕਿਉਂ ਨੀ,,,

**ਬਲਤੇਜ ਸੰਧੂ**
9465818158

## ਕਵਿਤਾ

ਚਾਨਣ ਕਿਤੇ ਜੇ ਵਿਕਦੇ ਦੋਸਤ,
ਨਾ ਦੀਵਿਆਂ ਤਲੇ ਹਨੇਰਾ ਹੁੰਦਾ।
ਤਾਂਗ ਕਰੀ ਨਾ ਜੱਗ ਚੰਦਰੇ ਦੀ
ਇਹ ਮਤਲਬੀ ਕਦੇ ਨੀ ਤੇਰਾ ਹੁੰਦਾ।
ਦੁੱਖ ਸੁੱਖ ਸਾਵੇਂ ਜੋ ਪੁੱਛਲੇ ÷ਸ਼ਫਕ÷,
ਬਸ ਏਨਾ ਸਾਥ ਹੀ ਬਥੇਰਾ ਹੁੰਦਾ।
:.:.:.:.:.:.:.:.:.:.:.:.
ਦੱਸ ਕਿਵੇਂ ਤੇਰੇ ਵਾਂਗੂੰ ਬੋਲ ਕੇ ਦੱਸਾਂ।
ਕੀ ਕਹਿ ਗਿਓਂ ਤੂੰ ਗੌਰ ਨਾ ਕੀਤੀ,
ਲਫ਼ਜ਼ਾਂ ਨੂੰ ਤੇਰੇ ਕਿੰਝ ਤੋਲ ਕੇ ਦੱਸਾਂ।
ਲਗਦੇ ਮੈਂ ਵੀ ਤੈਨੂੰ ਯਾਦ ਨਹੀਂ ਰਿਹਾ,
ਆ ਫਿਰ ਮੈਂ ਸਭ ਕੁਝ ਖੋਲ ਕੇ ਦੱਸਾਂ।
ਇਹ ਚੁੱਪ ਮੇਰੀ ਨੂੰ ਥੋੜਾ ਤੇ ਪੜ੍ਹ ਲੈ,
ਕਿ ਹਰ ਅਹਿਸਾਸ ਮੈਂ ਬੋਲ ਕੇ ਦੱਸਾਂ।
ਤਿੜਕ ਗਿਆ ਤੇਰੇ ਜਾਣ ਤੇ ÷ਸ਼ਫ਼ਕ÷,
ਫਿਰ ਦੱਸ ਖੁਦ ਨੂੰ ਰੋਲ ਕੇ ਦੱਸਾਂ।

## ਕਵਿਤਾ

ਸਾਉਣ ਦਾ ਮਹੀਨਾ ਮਾਹੀਆ ਅੱਜ ਗਿਆ ਚੜ੍ਹ ਵੇ,
ਤੇਰੀਆਂ ਯਾਦਾਂ ਨੇ ਆ ਕੇ ਮੇਰਾ ਦਿਲ ਲਿਆ ਫੜ ਵੇ।
ਕਾਲੀਆਂ ਘਟਾਵਾਂ ਅੰਬਰ ਤੇ ਛਾ ਗਈਆਂ ਨੇ,
ਹੌਲੀ, ਹੌਲੀ ਕਣੀਆਂ ਵੀ ਪੈਣ ਲੱਗ ਪਈਆਂ ਨੇ।
ਹਾੜ੍ਹ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਣਾ ਏ,
ਸੁੱਕ ਰਹੇ ਵੇਲ ਬੂਟਿਆਂ ਨੂੰ ਸਹਾਰਾ ਮਿਲ ਜਾਣਾ ਏ।
ਕੱਠੇ ਹੋ ਕੇ ਬੱਚਿਆਂ ਨੇ ਮੀਂਹ ਵਿੱਚ ਨਹਾਉਣਾ ਏ,
ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ ਸਾਹ ਆਉਣਾ ਏ।
ਖੀਰ ਤੇ ਪੂੜੇ ਬਣਾਉਣ ਲਈ ਸੱਸ ਨੇ ਕਹਿਣਾ ਏ,
ਤੇਰੇ ਬਿਨਾਂ ਮੈਥੋਂ ਇਹ ਸਭ ਕੁਝ ਨਹੀਂ ਹੋਣਾ ਏ।
ਦੂਰ ਰਹਿ ਕੇ ਲੰਘਾ ਨਾ ਦੇਵੀਂ ਸਾਉਣ ਦਾ ਮਹੀਨਾ ਵੇ,
ਤੇਰੇ ਬਿਨਾਂ ਮੀਂਹ 'ਚ ਵੀ ਤਪੀ ਜਾਣਾ ਮੇਰਾ ਸੀਨਾ ਵੇ।
ਹੁੰਦੇ ਉਹ ਸਿਆਣੇ ਜਿਹੜੇ ਮੌਕੇ ਨੂੰ ਸੰਭਾਲਦੇ,
ਹੁੰਦੇ ਉਹ ਮੂਰਖ ਜਿਹੜੇ ਰਾਖ ਚੋਂ ਸੋਨਾ ਭਾਲਦੇ।

**ਮਹਿੰਦਰ ਸਿੰਘ ਮਾਨ**
**ਫੋਨ** 9915803554

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 314

Website: www.preetnama.com Email preetnamausa@gmail.com

01 TO 07 AUGUST , 2025





Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 314
Website: www.preetnama.com Email preetnamausa@gmail.com
01 TO 07 AUGUST , 2025

No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436
www.preetnama.com, www.preetnews.com
Email- preetnamausa@gmail.com